# ਤ੍ਰੈਕਾਲ

**ਲੇਖਕ ਦੀਆਂ ਹੋਰ ਪੁਸਤਕਾਂ**

- ਰਿਸ਼ਤਿਆਂ ਦਾ ਜੰਗਲ (ਕਾਵਿ/ਗ਼ਜ਼ਲ ਸੰਗ੍ਰਹਿ) 1989
- ਸੱਚ ਤੇ ਸੂਲੀ (ਕਾਵਿ/ਸੰਗ੍ਰਹਿ) 1993
- ਸਿਮਟੇ ਹੋਏ ਪਲ (ਕਾਵਿ-ਸੰਗ੍ਰਹਿ) 1998
- ਕਤਰਾ ਕਤਰਾ ਨੂਰ (ਗ਼ਜ਼ਲ-ਸੰਗ੍ਰਹਿ) 2002
- ਫੁੱਲ ਬਣੇ ਅੰਗਿਆਰ (ਕਾਵਿ-ਸੰਗ੍ਰਹਿ) 2006
- ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ (ਸੰਪਾਦਨਾ) 2009
- ਉਸ ਨੇ ਕਿਹਾ (ਸੰਵਾਦੀ ਲੰਮੀ ਕਵਿਤਾ) 2010
- ਚਾਨਣ ਦੀ ਬਾਤ (ਗ਼ਜ਼ਲ ਸੰਗ੍ਰਹਿ) 2013
- ਮਸ਼ਾਲ (ਗ਼ਜ਼ਲ ਸੰਗ੍ਰਹਿ) 2015
- ਵਗਦੀ ਰਹੇ ਝਨਾਂ (ਗ਼ਜ਼ਲ ਸੰਗ੍ਰਹਿ) 2017
- ਵਗਦੀ ਰਹੇ ਝਨਾਂ (ਸ਼ਾਹਮੁਖੀ ਵਿਚ ਅਨੁਵਾਦ) 2018
- ਕਹਿਕਸ਼ਾਂ (ਉਰਦੂ ਸ਼ਿਅਰ, ਸੰਪਾਦਨਾ) 2020
- ਦਰਦ ਜਾਗਦਾ ਹੈ (ਕਾਵਿ ਸੰਗ੍ਰਹਿ) 2020
- In the Land of Promise
  (English Translations of Selected Poem) 2021
- ਤੇਰੀ ਇਬਾਦਤ (ਗ਼ਜ਼ਲ ਸੰਗ੍ਰਹਿ) 2022
- ਭੁਪਿੰਦਰ ਸਿੰਘ ਸੱਗੂ ਦੀ ਕਵਿਤਾ ਤੇ ਐੱਮ.ਫ਼ਿਲ. ਦਿੱਲੀ ਯੂਨੀਵਰਸਿਟੀ ਵੱਲੋਂ 2017
- ਭੁਪਿੰਦਰ ਸਿੰਘ ਸੱਗੂ ਦੀ ਕਵਿਤਾ ਦਾ ਆਲੋਚਨਾਤਮਿਕ ਅਧਿਐਨ, ਸੰਪਾਦਕ : ਡਾ. ਜੋਤੀ ਸ਼ਰਮਾ, ਦੇਸ਼ ਭਗਤ ਯੂਨੀਵਰਸਿਟੀ, ਗੋਬਿੰਦਗੜ੍ਹ ਮੰਡੀ, 2023
- ਸੁਖ਼ਨ ਦੇ ਵਾਰਿਸ (ਕਾਵਿ-ਸੰਗ੍ਰਹਿ) ਸੰਪਾਦਨਾ-2024
  (ਹੋਰ ਕਵੀਆਂ ਨਾਲ ਮਿਲ ਕੇ)

# ਤ੍ਰੈਕਾਲ

ਭੁਪਿੰਦਰ ਸਿੰਘ ਸੱਗੂ

ਪ੍ਰੀਤ ਪਬਲੀਕੇਸ਼ਨ, ਨਾਭਾ

# Traikaal

(Punjabi Poetry)

by

**BHUPINDER SINGH SAGOO**

61, Fowler Street,

Blakenhall

Wolverhampton

WV2 3JD

ENGLAND

Contact : +44 (0) 7501038048

+44 (0) 7951470034

Email : bssagoo1@googlemail.com

Youtube : Bhupinder Sagoo ji

Facebook : Bhupinder Sagoo Wolverhampton

ISBN 978-81-965974-5-0

© Author

Edition - First

2024

Price Rs. 250/-

**Published by :**

**Preet Publication**

Thuhi Road, 40 No. Phatak, Nabha-147201

Mob. 98141-01312, 98551-00712

Email : preetpublication16@gmail.com

and

7186, Shallford Road, Mississauga,

Ontario L4T 2P7 CANADA

Ph. +16477393910

Printed & Bound at:

Daffodils Printers, Patiala

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਉਹਨਾਂ ਕਿਰਤੀਆਂ, ਕਿਰਸਾਨਾਂ, ਮਜ਼ਦੂਰਾਂ ਦੇ ਨਾਂ
ਜੋ ਸਖ਼ਤ ਮਿਹਨਤ ਕਰਦੇ ਹੋਏ ਮਨੁੱਖੀ ਹੱਕਾਂ ਲਈ ਜੂਝਦੇ ਹਨ।

# ਤ੍ਰੈਕਾਲ ਦੇ ਸਨਮੁੱਖ ਸ਼ਾਇਰੀ

ਸ਼ਰਾਰਤੀ ਲੋਕ ਜਾਂ ਸਿਆਸੀ ਵਰਗ ਲੋਕਾਂ ਨੂੰ ਦੋਫਾੜ ਕਰਨ ਲਈ ਸ਼ਤਰੰਜ ਦੀਆਂ ਚਾਲਾਂ ਚਲਾ ਕੇ, ਆਮ ਲੋਕਾਈ, ਜਨਸਧਾਰਨ ਅਤੇ ਲਿਤਾੜੇ ਹੋਏ ਵਰਗ ਨੂੰ ਨਸਲਾਂ, ਜ਼ਾਤਾਂ ਜਾਂ ਧਰਮਾਂ ਦੇ ਅੰਧਘੋਰ ਝਮੇਲਿਆਂ ਵਿੱਚ ਫਸਾ ਕੇ ਆਪ ਤਾਂ ਗੁਲਛਰੇ ਜਾਂ ਮੌਜਾਂ ਉਡਾਉਂਦੇ ਹਨ। ਇਹ ਸ਼ਰਾਰਤੀ ਲੋਕ ਜੋਕਾਂ ਦੀ ਤਰ੍ਹਾਂ ਸਧਰਾਨ ਇਨਸਾਨ, ਕਿਸਾਨ, ਕਿਰਤੀ ਅਤੇ ਮਜ਼ਦੂਰ ਦਾ ਖ਼ੂਨ ਚੂਸ ਕੇ ਸੰਤੁਸ਼ਟ ਅਤੇ ਮੌਜਾਂ ਮਾਣਦੇ ਹਨ। ਇਨ੍ਹਾਂ ਸ਼ਿਅਰਾਂ ਵਿੱਚ ਸ਼ਾਇਰ ਨੇ ਬਹੁੱਤ ਹੀ ਕਮਾਲਤਾ ਤੇ ਕੁਸ਼ਲਤਾ ਦੇ ਨਾਲ ਇਸ ਭੈੜੇ ਨਿਜ਼ਾਮ ਨੂੰ ਨਿੰਦ ਕੇ ਲੋਕਾਈ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਜਿਸ ਤਰ੍ਹਾਂ ਵੱਖਰੀਆਂ-ਵੱਖਰੀਆਂ ਰੰਗਦਾਰ ਪੱਤੀਆਂ ਦੇ ਨਾਲ ਇੱਕ ਵਧੀਆ ਗੁਲਦਸਤਾ ਤਿਆਰ ਹੁੰਦਾ ਹੈ ਉਸੇ ਹੀ ਤਰ੍ਹਾਂ ਵੱਖਰੇ-ਵੱਖਰੇ ਵਿਸ਼ਿਆਂ ਨੂੰ ਤਿੰਨ ਕਾਲਾਂ ਦੇ ਸਨਮੁੱਖ ਰੱਖਦਿਆਂ ਤ੍ਰੈ-ਕਾਲ ਪੁਸਤਕ ਭੂਪਿੰਦਰ ਸੱਗੂ ਜੀ ਨੇ ਕਲਮਬੰਦ ਕੀਤੀ ਹੈ। ਇਸ ਵਿੱਚ 49 ਕਵਿਤਾਵਾਂ ਸ਼ਾਮਿਲ ਹਨ। ਤ੍ਰੈ-ਕਾਲ ਪੁਸਤਕ ਦੇ ਨਾਮਕਰਨ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਮਨੁੱਖ ਪੱਛਮ ਦੀਆਂ ਰਹੁ-ਰੀਤਾਂ 'ਚ ਫਸਿਆ ਆਪਣੀ ਹੋਂਦ ਗਵਾ ਬੈਠਾ ਹੈ। ਪਿੰਡਾਂ ਦੀ ਸਮਾਜਿਕ, ਆਰਥਿਕ ਅਤੇ ਵਿੱਦਿਅਕ ਤੌਰ ਤੇ ਸ਼ਹਿਰੀ ਕਰਨ ਹੋ ਚੁੱਕਾ ਹੈ।

ਜਿਸ ਪ੍ਰਕਾਰ ਮਗਰਮੱਛ ਕਦੇ ਰੱਜਦਾ ਜਾਂ ਸੰਤੁਸ਼ਟ ਨਹੀਂ ਹੋ ਸਕਦਾ ਉਸੇ ਤਰ੍ਹਾਂ ਹੀ ਮਨੁੱਖ ਨਸਲਾਂ, ਜ਼ਾਤਾਂ, ਧਰਮਾਂ ਅੰਦਰ ਵੰਡੀਆਂ ਪਾ ਕੇ, ਸਮਾਜ ਨੂੰ ਦੋਫਾੜ ਕਰਕੇ ਆਪਣਾ ਦਬਦਬਾ ਕਾਇਮ ਰੱਖਣਾ ਚਾਹੁੰਦਾ ਹੈ। ਇਹ ਦੇਸ਼-ਧਿਰੋਹੀ ਅਤੇ ਦਗ਼ਾਬਾਜ਼ ਸਿਆਸੀ ਆਗੂ, ਜਨਸਧਾਰਨ ਲੋਕਾਂ ਨੂੰ ਆਜ਼ਾਦ ਮਾਹੌਲ ਦਾ ਆਨੰਦ ਨਹੀਂ ਮਾਨਣ ਦਿੰਦੇ। ਜਿਵੇਂ -

"ਨਸਲਾਂ, ਜ਼ਾਤਾਂ, ਧਰਮਾਂ ਅੰਦਰ
ਵੰਡੀਆਂ ਪਾਵੇ, ਅੱਤ ਮਚਾਵੇ,
ਇਹਦੇ ਮੂੰਹ ਨੂੰ ਖ਼ੂਨ ਹੈ ਲੱਗਾ
ਚਸਕਾ ਇਸ ਨੂੰ ਹੱਡਦਾ ਹੈ।"

ਇਸ ਪੁਸਤਕ ਵਿੱਚਲੀ ਕਵਿਤਾ "ਸ਼ਹਿਰ" ਬਹੁਤ ਹੀ ਖ਼ੂਬਸੂਰਤ ਤੇ ਲਾਜਵਾਬ

ਹੈ। ਬੇਸ਼ਕ ਸ਼ਹਿਰ ਨਿਰਮੋਹਿਆ ਜਾਂ ਪਿਆਰ ਹੀਣ ਹੋ ਗਿਆ ਹੈ ਭਾਵ ਕਿ ਅਜੋਕੇ ਸਮਾਜ ਦੇ ਲੋਕ ਸੱਚਾਈ, ਹਮਦਰਦੀ, ਰੂਹਾਨੀ ਪਿਆਰ ਤੋਂ ਕੋਹਾਂ ਕੋਸ ਦੂਰ ਜਾ ਚੁੱਕੇ ਹਨ। ਅਸੀਂ ਆਪਣੀ ਹਿੰਦੋਸਤਾਨੀ ਤਹਿਜ਼ੀਬ ਨੂੰ ਵਿਸਰ ਕੇ ਲਾਪਰਵਾਹ ਜਾਂ ਮੂੰਹ ਜ਼ੋਰ ਹੋ ਗਏ ਹਾਂ। ਪਿਆਰ, ਮੁਹੱਬਤ, ਚਰਿੱਤਰ ਅਤੇ ਆਪਸੀ ਨੇੜਤਾ ਦਾ ਨਿੱਘ ਖ਼ਤਮ ਹੋ ਰਿਹਾ ਹੈ। ਸ਼ਹਿਰ ਦੀ ਹੋਂਦ ਜਾਂ ਵਾਸਤਵਿਕਤਾ ਇੱਕ ਖੰਡਰ ਦੇ ਸਮਾਨ ਪ੍ਰਤੀਤ ਹੁੰਦੀ ਜਾਪਦੀ ਹੈ। ਇਸ ਕਰਕੇ ਸ਼ਾਇਰ ਨੇ ਮਨੁੱਖ ਨੂੰ ਕਾਦਰ ਦੀ ਕਰਾਮਾਤੀ ਕੁਦਰਤ ਨਾਲ ਹਮੇਸ਼ਾਂ ਜੁੜੇ ਰਹਿਣ ਅਤੇ ਉਸਦੇ ਰਹਿਣ ਨਾਲ ਦੋਸਤ ਵਰਗਾ ਰਿਸ਼ਤਾ ਕਾਇਮ ਰੱਖਣ ਸਬੰਧੀ ਸੁਚੇਤ ਤੇ ਜਾਗਰੂਕ ਕੀਤਾ ਹੈ।

ਕਿੰਨਾ ਨਿਰਮੋਹਾ ਹੈ
ਇਹ ਸ਼ਹਿਰ
ਜਿਸ ਦੀ ਚੁੱਪ ਅੰਦਰ
ਸਾਜ਼ਿਸ਼ ਬੋਲਦੀ ਹੈ
ਜਿਸ ਦੀਆਂ ਅੱਖਾਂ
ਖਚਰਾ ਹਾਸਾ ਹੱਸਦੀਆਂ ਹਨ
ਜਿਸ ਦੀ ਦੁਪਹਿਰ
ਖ਼ੂਨੀ ਰਾਗ ਅਲਾਪਦੀ ਹੈ।

ਮੁਰਸ਼ਦ ਦੀ ਅਪਾਰ ਕਿਰਪਾ ਦੇ ਨਾਲ ਹੀ ਜੀਵ ਆਤਮਾ ਦਾ ਆਪਣੇ ਪ੍ਰੀਤਮ ਨਾਲ ਸੰਗਮ (ਮਿਲਾਪ) ਹੁੰਦਾ ਹੈ। ਗੁਰੂ ਆਤਮਾ ਤੇ ਪ੍ਰਮਾਤਮਾ ਦੇ ਮਿਲਾਪ ਦੇ ਲਈ ਇੱਕ ਪੁਲ ਦਾ ਕਾਰਜ ਕਰਦਾ ਹੈ। ਮਿਲਾਪ ਤੋਂ ਬਾਅਦ ਹਾਲਤ ਇਸ ਤਰ੍ਹਾਂ ਦੀ ਹੋ ਜਾਂਦੀ ਹੈ, ਜਿਸ ਤਰ੍ਹਾਂ ਕੋਈ ਅੱਲ੍ਹੇ ਜ਼ਖ਼ਮਾਂ ਉੱਤੇ ਠੰਡੇ ਫ਼ੈਹੇ ਧਰ ਦਿੰਦਾ ਹੈ। ਪ੍ਰੀਤਮ ਦੇ ਮਿਲਾਪ ਤੋਂ ਬਿਨਾਂ ਪੂਜਕ ਜਾਂ ਪੁਜਾਰੀ ਦੀ ਰੂਹ ਤੜਫ਼ਦੀ, ਲੁੱਛਦੀ ਜਾਂ ਕੁਰਲਾਉਂਦੀ ਹੈ। ਉਸਦੀ ਹਾਲਤ ਅਵਾਰਾ ਬਰਸਾਤੀ ਬੂੰਦ ਦੇ ਸਮਾਨ ਹੁੰਦੀ ਹੈ। ਪਰ ਜੇਕਰ ਜੀਵ ਆਤਮਾ ਨੂੰ ਪ੍ਰੀਤਮ ਸਹੀ ਸਨੇਹ ਤੇ ਪਿਆਰ ਦਾ ਗਿਆਨ ਹੋ ਜਾਵੇ ਤਾਂ ਉਸ ਦੀਆਂ ਚਾਰੇ ਦਿਸ਼ਾਵਾਂ ਹੀ ਬਲਕਿ ਸਾਰੀ ਜੀਵਨ ਰੂਪੀ ਕਾਇਨਾਤ ਮਹਿਕਦਾਰ, ਟਹਿਕਦਾਰ ਤੇ ਪ੍ਰਕਾਸ਼ਮਈ ਹੋ ਜਾਂਦੀ ਹੈ।

ਇਸ ਕਵਿਤਾ ਵਿੱਚ ਸ਼ਾਇਰ ਨੇ ਯੁਕਰੇਨ ਤੇ ਰੂਸ ਦੀ ਭਿਅੰਕਰ ਜੰਗ ਦੇ ਨਾਮ ਤੇ ਕਵਿਤਾ ਤਹਿਰੀਰ ਕਰਕੇ, ਰੂਸੀ ਧੱਕੇਸ਼ਾਹੀ ਤਾਕਤ ਤੇ ਕਾਫ਼ੀ ਜ਼ੋਰਦਾਰ ਵਿਅੰਗ ਕੀਤਾ ਹੈ। ਪਾੜਵੀ ਧਿਰ ਨੂੰ ਨਿੰਦਣ ਦੀ ਕੋਸ਼ਿਸ਼ ਵੀ ਕੀਤੀ ਹੈ। ਚਿੜੀਆਂ (ਲਾਚਾਰ ਤੇ ਬੇਵਸ ਤਾਕਤ) ਕਿਸ ਤਰ੍ਹਾਂ ਬਾਜ਼ਾਂ ਨੂੰ (ਧਾੜਵੀ ਤਾਕਤ, ਰੂਸ) ਲਲਕਾਰ ਰਹੀਆਂ ਹਨ। ਭਾਵ ਕਿ ਕਮਜ਼ੋਰ ਧਿਰਾਂ ਵੀ ਸੱਤਾਧਾਰੀਆਂ ਨੂੰ ਵੰਗਾਰ ਰਹੀਆਂ ਹਨ। ਉਹ ਆਪਣੇ ਜਾਇਜ਼ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਵਿੱਚ ਰੁੱਝ ਗਈਆਂ ਹਨ। ਜਿਵੇਂ:-

ਫਿਰ ਚਿੜੀ ਨੇ ਬਾਜ਼ ਨੂੰ ਲਲਕਾਰਿਆ
ਜੰਗ ਦੀ ਇੱਛਾ ਵੀ ਕੁੰਭੀ ਪਾਪ ਹੈ,
ਏਸ ਦੇ ਸਿੱਟੇ ਨਹੀਂ ਤੂੰ ਜਾਣਦਾ
ਜੰਗ ਵੈਣਾਂ ਦਾ ਹੀ ਬਸ ਅਲਾਪ ਹੈ।

ਕਰੋਨਾ ਵਰਗੀ ਮਹਾਂਮਾਰੀ ਦੇ ਸੰਕਟ ਆਉਣ ਨਾਲ ਹਰ ਪਾਸੇ ਬੇਬਸੀ ਤੇ ਨਿਰਾਸ਼ਾ ਦੀ ਹਾਲਤ ਨੇ ਖੜੋਤ ਦਾ ਪਹਾੜ ਮਨੁੱਖੀ ਜੀਵਨ ਵਿੱਚ ਖੜ੍ਹਾ ਕਰਕੇ, ਹਰ ਇਕ ਜੀਵਨ ਰੂਪੀ ਦਰਿਆ ਨੂੰ ਰੋਕ ਕੇ ਕਸ਼ਟਮਈ ਬਣਾ ਦਿੱਤਾ ਹੈ। ਇਨਸਾਨੀ ਰਿਸ਼ਤਿਆਂ ਵਿੱਚ ਤ੍ਰੇੜਾਂ ਪੈਦਾ ਕਰ ਦਿੱਤੀਆਂ ਹਨ। ਕੰਮਕਾਰਾਂ ਦੀ ਮੰਦਹਾਲੀ ਨੇ ਮੁਲਕਾਂ ਦੀ ਮਾਲੀ ਹਾਲਤ ਨੂੰ ਬਹੁਤ ਹੀ ਜ਼ਬਰਦਸਤ ਨੁਕਸਾਨ ਪਹੁੰਚਾਇਆ ਹੈ। ਕੁੱਝ ਕਵਿਤਾਵਾਂ ਵਿੱਚ ਕਵੀ ਨੇ ਦੱਸਿਆ ਹੈ ਕਿ ਇਹ ਦੁਨੀਆਂ ਚੋਰ-ਉਚੱਕਿਆਂ ਦੀ ਮੰਡੀ ਦਾ ਅੱਡਾ ਹੀ ਪ੍ਰਤੀਤ ਹੁੰਦਾ ਹੈ। ਹਾਕਿਮ ਘਪਲਾ ਕਰਕੇ ਭੋਲੀਭਾਲੀ ਜਨਤਾ ਨੂੰ ਗੁਮਰਾਹ ਕਰ ਰਹੇ ਹਨ। ਏਥੇ ਸਚਿਆਰੇ ਨੂੰ ਦੁਰਕਾਰਿਆ ਜਾਂਦੈ ਅਤੇ ਝੂਠਿਆਂ ਨੂੰ ਸਹਾਰਾ ਦੇ ਕੇ ਸਤਿਕਾਰਿਆ ਜਾਂਦਾ ਹੈ। ਸੱਚੇ ਤੇ ਸੁੱਚੇ ਪਿਆਰ ਦਾ ਇਕ ਮੱਕਾਰ ਦੁਨੀਆਂ ਵਿੱਚ ਦਮ ਘੁੱਟ ਰਿਹਾ ਹੈ। ਕੁਝ ਸ਼ਰਾਰਤੀ ਲੋਕ ਇੱਕ ਦੂਸਰੇ ਵੱਲ ਉਂਗਲ ਕਰਕੇ ਨਫ਼ਰਤ ਫ਼ੈਲਾ ਰਹੇ ਹਨ। ਹਰ ਪਾਸੇ ਬੇਰੁਜ਼ਗਾਰੀ ਛਾਈ ਹੋਈ ਹੈ, ਮਹਿੰਗਾਈ ਦਾ ਚਾਰ ਚੁਫ਼ੇਰੇ ਬੋਲ ਬਾਲਾ ਹੈ।

ਬਹੁਤ ਹੀ ਭਾਰੀ ਗਿਣਤੀ ਵਿੱਚ ਲੋਕ ਹਿਜਰਤ ਕਰਕੇ ਪਰਦੇਸਾਂ ਨੂੰ ਰਵਾਨਾ ਹੋ ਰਹੇ ਹਨ ਕਿ ਮਾਲੀ, ਪਦਾਰਥਿਕ ਅਤੇ ਵਿੱਦਿਅਕ ਖੇਤਰ ਵਿੱਚ ਕਾਮਯਾਬੀ ਹਾਸਿਲ ਕਰ ਸਕਣ। ਪ੍ਰਦੇਸਾਂ ਵਿੱਚ ਲੋਕਾਂ ਨੇ ਮਾਲੀ ਤੌਰ ਤੇ ਕਾਫ਼ੀ ਤਰੱਕੀ ਕਰ ਲਈ ਹੈ ਪਰ ਆਪਣੇ ਮਨ ਦਾ ਸਕੂਨ (ਸ਼ਾਂਤੀ ਜਾਂ ਅਮਨ) ਖੋਹ ਬੈਠਾ ਹੈ ਜਿਹੜਾ ਕਿ ਉਸਦਾ ਮਾਨਸਿਕ ਤੇ ਰੂਹਾਨੀ ਕੀਮਤੀ ਸਰਮਾਇਆ ਸੀ ਉਸਤੋਂ ਵੰਚਿੱਤ ਹੋ ਗਿਆ ਹੈ। ਉਹ ਪੌਂਡ, ਡਾਲਰ ਤਾਂ ਕਮਾ ਰਿਹਾ ਹੈ ਪਰ ਉਸ ਦੇ ਦਿਲ ਦੀ ਹਾਲਤ ਜਖ਼ਮੀ ਹੋ ਕੇ ਰੇਜ਼ਾ ਰੇਜ਼ਾ (ਟੁੱਕੜੇ) ਹੋ ਚੁੱਕੀ ਹੈ ਕਿ ਉਹ ਇਹ ਬੇਬਸੀ ਤੇ ਲਾਚਾਰੀ ਦੀ ਅਵਸਥਾ ਨੂੰ ਬਿਆਨ ਕਰਨ ਵਿੱਚ ਅਸਮਰਥ ਹੋ ਗਿਆ ਹੈ। ਉਸਦੀ ਮਾਨਸਿਕ ਤੇ ਜਿਸਮਾਨੀ ਹਾਲਤ ਉਸ ਮੌਸਮ ਦੀ ਤਰ੍ਹਾਂ ਹੈ ਜੋ ਹਰ ਸਮੇਂ ਬਦਲ ਰਿਹਾ ਹੈ। ਮਨੁੱਖ ਨੇ ਜੀਵਨ ਰੂਪੀ ਉਮਰ ਦੇ ਸਫ਼ਰ ਦੀਆਂ ਕਈ ਮੰਜ਼ਿਲਾਂ ਜਾਂ ਪੜਾਅ ਤੈਅ ਕਰ ਲਏ ਹਨ ਪਰ ਉਹ ਆਪਣੇ ਪੇਂਡੂ ਤੇ ਬਚਪਨ ਦੀਆਂ ਮਿੱਠੀਆਂ ਤੇ ਸੌਗ਼ਾਤਮਈ ਯਾਦਾਂ ਨੂੰ ਕਦੀ ਵੀ ਦਿਲ 'ਚੋਂ ਭੁਲਾ ਨਹੀਂ ਸਕਦਾ। ਇਸੇ ਹੀ ਤਰ੍ਹਾਂ ਮਨੁੱਖ ਬਾਹਰਲੇ ਮੁਲਕਾਂ ਵਿੱਚ ਪੌਂਡ ਕਮਾ ਕੇ ਮਾਲਾਮਾਲ ਜਾਂ ਦੌਲਤਮੰਦ ਤਾਂ ਹੋ ਗਿਆ ਹੈ ਪਰ ਉਸਨੂੰ ਅਸਲੀ ਅਮਨ ਜਾਂ ਸ਼ਾਂਤੀ ਆਪਣੇ ਪਿੰਡ ਦੇ ਕੱਚੇ ਤੇ ਖੁਲ੍ਹੇ ਘਰਾਂ, ਖੁੱਲ੍ਹੀਆਂ ਤੇ ਆਜ਼ਾਦ ਹਵਾਵਾਂ ਤੇ ਪੇਂਡੂ ਮਾਹੌਲ ਦੇ ਵਾਤਾਵਰਨ ਵਿੱਚੋਂ ਹੀ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।

"ਦਰਿਆ ਕਿਨਾਰੇ ਤੁਰਦਿਆਂ
ਮਿੱਤਰ ਨੇ ਚੁੱਪ ਤੋੜੀ
ਅੱਜ ਦਾ ਮਨੁੱਖ ਤਲਾਸ਼ ਰਿਹਾ ਹੈ
ਜ਼ਿੰਦਗੀ ਦੀ ਦੌੜ-ਭੱਜ 'ਚੋਂ

ਖੁੱਸ ਚੁੱਕੇ ਸਕੂਨ ਨੂੰ।
ਪੌਂਡਾਂ-ਡਾਲਰਾਂ ਦੀਆਂ ਤੰਦਾਂ 'ਚ
ਉਲਝੇ ਹੋਏ ਮਨੁੱਖ ਕੋਲ
ਏਨੀਂ ਫ਼ੁਰਸਤ ਕਿੱਥੇ
ਕਿ ਆਪਣੀ ਸੁਪਨਾਈ ਅੱਖ ਦੀ
ਇਬਾਰਤ ਪੜ੍ਹ ਸਕੇ।

(ਦਰਿਆ ਕਿਨਾਰੇ ਤੁਰਦਿਆਂ)

ਇਸ ਤਰ੍ਹਾਂ ਕਵੀ ਨੇ ਮੁੱਖ ਤੌਰ ਤੇ ਸਾਮਰਾਜੀ ਤਾਕਤਾਂ ਜੋ ਕਿ ਭੋਲ਼ੀ ਭਾਲ਼ੀ ਜਨਤਾ ਨੂੰ ਲੁੱਟ ਰਹੀ ਹੈ ਪਰ ਜਿੱਤ ਅੰਤ ਨੂੰ ਸਚਾਈ ਦੀ ਹੀ ਹੋਣੀ ਹੈ। ਇਸ ਲਈ ਉਹ ਮਜ਼ਦੂਰ ਕਿਰਸਾਨਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਲਈ ਪ੍ਰੇਰਿਤ ਕਰ ਰਹੇ ਹਨ। ਇਸ ਤਰ੍ਹਾਂ ਤ੍ਰੈ-ਕਾਲ ਪੁਸਤਕ ਵਿੱਚ ਪ੍ਰੀਤਮ ਦੇ ਵਿਛੋੜੇ ਦੀ ਮੁਰਸ਼ਦ ਦੀ ਮਹਾਨਤਾ, ਕੁਦਰਤ ਨਾਲ ਅਭੇਦ ਹੋਣ ਬਾਰੇ, ਆਪਣੇ ਬਚਪਨ ਦਾ ਮੋਹ, ਸਾਮਰਾਜੀ ਤਾਕਤਾਂ ਦਾ ਵਿਰੋਧ, ਆਪਣੇ ਹੱਕਾਂ ਪ੍ਰਤੀ ਜਾਗਰੂਕ ਆਦਿ ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ।

ਭੁਪਿੰਦਰ ਸੱਗੂ ਦੀ ਕਵਿਤਾ ਵਿੱਚ ਮੁੱਖ ਤੌਰ ਤੇ ਸਮਾਜ ਵਿੱਚ ਫ਼ੈਲੇ ਵਰਗ, ਵਿਤਕਰਿਆਂ, ਸ਼ੋਸ਼ਣ, ਅਨਿਆਏ ਅਤੇ ਦਮਨ ਦੇ ਖ਼ਿਲਾਫ਼ ਜੱਥੇਬੰਦ ਹੋ ਕੇ ਜੱਦੋ-ਜਹਿਦ ਕਰਨ ਦੀ ਪ੍ਰੇਰਨਾ ਪੇਸ਼ ਕੀਤੀ ਗਈ ਹੈ। ਉਹ ਦੋਹਾਂ ਵਰਗਾਂ ਵਿਚਲੇ ਪਾੜੇ ਨੂੰ ਖ਼ਤਮ ਕਰਕੇ ਮਿਹਨਤਕਸ਼ਾਂ ਨੂੰ ਤਿਆਰ ਕਰਦੇ ਹਨ। ਕਵੀ ਦੀ ਕਵਿਤਾ ਮਨੁੱਖੀ ਸੋਚ ਅਤੇ ਅਮਲ ਦੇ ਫੋਕੇ ਕਰਮਕਾਂਡਾਂ ਦੀ ਦਲਦਲ ਵਿੱਚੋਂ ਬਾਹਰ ਕੱਢ ਕੇ ਤਰਕ ਦੀ ਕਸੌਟੀ ਦੇ ਅਧਾਰਿਤ ਪੇਸ਼ ਕਰਦੀ ਹੈ। ਕਵੀ ਦੇ ਅਨੁਸਾਰ ਬੇਸ਼ਕ ਮਨੁੱਖੀ ਸਮਾਜ ਦੋ ਧੜਿਆਂ ਵਿੱਚ ਵੰਡ ਚੁੱਕਿਆ ਹੈ। ਸ਼ੋਸ਼ਕ ਤੇ ਸਰਕਾਰੀ ਤੰਤਰ ਭ੍ਰਿਸ਼ਟ ਹੋ ਚੁੱਕੇ ਹਨ। ਉਹ ਅਮੀਰ ਲੋਕਾਂ ਦੀ ਵਧੀਕੀਆਂ ਨੂੰ ਵੀ ਬਾਖ਼ੂਬੀ ਨਾਲ ਪੇਸ਼ ਕਰਦੇ ਹਨ। ਇਥੇ ਹੀ ਨਹੀਂ ਉਹ ਆਮ ਲੋਕਾਂ ਨੂੰ ਆਪਣੇ ਹੱਕ ਲੈਣ ਲਈ ਵੀ ਜਾਗ੍ਰਿਤ ਕਰਦੇ ਹਨ। ਉਨ੍ਹਾਂ ਦੀ ਕਵਿਤਾ ਵਿੱਚ ਚਿੜੀਆਂ ਨੂੰ ਬੇਬਸ, ਲਾਚਾਰ ਅਤੇ ਗ਼ਰੀਬ ਲੋਕਾਂ ਦੇ ਪ੍ਰਤੀਕ ਮੰਨਿਆਂ ਹੈ ਜੋ ਕਿ ਇਕੱਠੇ ਜਾਂ ਇਕ ਜੁੱਟ ਹੋ ਕੇ ਸ਼ਾਹੂਕਾਰਾਂ ਭਾਵ ਕਿ ਬਾਜ਼ਾਂ ਨੂੰ ਖ਼ਤਮ ਕਰ ਦੇਣਗੇ। ਬੇਸ਼ਕ ਥਾਂ ਥਾਂ 'ਤੇ ਚੋਰਬਾਜ਼ਾਰੀ ਪ੍ਰਧਾਨ ਬਣੀ ਬੈਠੀ ਹੈ ਅਤੇ ਸ਼ਰਾਰਤੀ

ਲੋਕ ਫਿਰਕੂ ਫਸਾਦੀ ਦੀ ਜ਼ਹਿਰ ਵੰਡ ਰਹੇ ਹਨ।

ਇਸ ਸੰਸਾਰ ਵਿੱਚ ਝੂਠ ਪ੍ਰਧਾਨ ਹੈ ਅਤੇ ਸੱਚ ਬੋਲਣ ਵਾਲਿਆਂ ਨੂੰ ਸੂਲੀ 'ਤੇ ਚੜ੍ਹਨਾ ਪੈਂਦਾ ਹੈ। ਉਹ ਆਪਣੀ ਕਵਿਤਾ ਵਿੱਚ ਇਹ ਵੀ ਦੱਸਦੇ ਹਨ ਕਿ ਉਨ੍ਹਾਂ ਵਾਸਤੇ ਈਦ ਉਸ ਵੇਲੇ ਪ੍ਰਤੀਤ ਹੋਵੇਗੀ ਜਦੋਂ ਇਸ ਸੰਸਾਰ ਵਿੱਚ ਵੈਰ, ਵਿਰੋਧ, ਨਫ਼ਰਤ ਖ਼ਤਮ ਹੋ ਜਾਵੇਗੀ ਅਤੇ ਖ਼ੁਸ਼ਗਵਾਰ ਮਾਹੌਲ ਪੈਦਾ ਹੋ ਜਾਵੇਗਾ। ਜਿਵੇਂ –

"ਦਿਲ ਨੇ ਰੋਜ਼ ਨਮਾਜ਼ਾਂ ਪੜ੍ਹ ਕੇ
ਦਿਲ ਦਾ ਹੁਜਰਾ ਧੋਇਆ
ਈਦ ਮੁਬਾਰਿਕ ਕਿਸ ਨੂੰ ਆਖਾਂ
ਚੰਨ ਪ੍ਰਦੇਸੀ ਹੋਇਆ।
ਈਦ ਮੁਬਾਰਿਕ ਫਿਰ
ਜੇ ਹੋਵੇ ਸਾਹਾਂ ਵਿੱਚ ਕਸਤੂਰੀ,
ਇਸ਼ਕ ਤੇ ਹੁਸਨ ਵਿਚਾਲੇ ਜੇਕਰ
ਮਿੱਟ ਜਾਵੇਗੀ ਦੂਰੀ।"

(ਈਦ ਮੁਬਾਰਿਕ)

ਬੇਸ਼ਕ ਲੋਕਾਂ ਨੇ ਆਜ਼ਾਦੀ ਪ੍ਰਾਪਤ ਕਰ ਲਈ ਹੈ ਪਰ ਅਜੇ ਵੀ ਹਾਲਤ 'ਚ ਕੋਈ ਖ਼ਾਸ ਫ਼ਰਕ ਨਜ਼ਰ ਨਹੀਂ ਆਇਆ, ਲੋਕ ਅਜੇ ਵੀ ਗ਼ਰੀਬੀ ਤੇ ਭੁੱਖ ਨਾਲ ਮਰ ਰਹੇ ਹਨ ਅਤੇ ਧਰਮ ਦੇ ਦਾਅਵੇਦਾਰ ਜ਼ਾਲਮਾਂ ਵਰਗਾ ਫ਼ਰਜ਼ ਅਦਾ ਕਰ ਰਹੇ ਹਨ। ਸਾਰਿਆਂ ਨੂੰ ਆਪਣੇ ਹੱਕ ਦੇ ਲਈ ਇਕੱਠੇ ਹੋ ਕੇ ਸਾਮਰਾਜੀ ਤਾਕਤਾਂ ਦਾ ਵਿਰੋਧ ਕਰਨਾ ਚਾਹੀਦਾ ਹੈ। ਕਵੀ ਪ੍ਰੋਫੈਸਰ ਪੂਰਨ ਸਿੰਘ ਵਾਂਗ ਪੁਰਾਣੇ ਰੰਗਲੇ ਪੰਜਾਬ ਨੂੰ ਯਾਦ ਵੀ ਕਰਦੇ ਹਨ ਅਤੇ ਪੰਜਾਬੀ ਸੱਭਿਆਚਾਰ ਤੇ ਵਿਰਾਸਤ ਨੂੰ ਦੁਬਾਰਾ ਪਾਉਣਾ ਲੋਚਦੇ ਹਨ। ਕਵੀ ਨੇ ਪੰਜਾਬੀ ਬੋਲੀ ਦੀ ਮਹਾਨਤਾ ਨੂੰ ਆਧਾਰ ਬਣਾ ਕੇ ਵੀ ਕਵਿਤਾ ਲਿਖੀ ਹੈ ਬੇਸ਼ਕ ਬੁੱਲ੍ਹੇ ਸ਼ਾਹ ਨੇ ਪੰਜਾਬੀ ਬੋਲੀ ਨੂੰ ਸ਼ਿੰਗਾਰਿਆ ਹੈ ਤੇ ਗੁਰੂ ਸਾਹਿਬਾਨਾਂ ਨੇ ਵੀ ਇਸ ਬੋਲੀ ਵਿੱਚ ਆਪਣੀ ਬਾਣੀ ਰਚੀ ਹੈ।

"ਇਹ ਹੈ ਸਾਡੇ ਸਿਰ ਤੇ ਫੁੱਲਕਾਰੀ, ਬਾਹੂ, ਬੁੱਲ੍ਹੇ ਨੇ ਸ਼ਿੰਗਾਰੀ,
ਬਾਬੇ ਨਾਨਕ ਦੀ ਏ ਬਾਣੀ, ਤਪਦੇ ਸੀਨੇ ਠਾਰ ਦੀ।"

(ਮਾਂ ਬੋਲੀ ਪੰਜਾਬੀ)

ਇਸ ਤਰ੍ਹਾਂ ਕਵੀ ਬੇਸ਼ਕ ਵਿਦੇਸ਼ ਚਲਾ ਗਿਆ ਹੈ ਪਰ ਉਸ ਦਾ ਮੋਹ ਦੀਆਂ ਜੜ੍ਹਾਂ ਆਪਣੀ ਧਰਤੀ ਵਿੱਚ ਹੀ ਸਮਾਈਆਂ ਹੋਈਆਂ ਹਨ। ਕਵੀ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦਾ ਜਿਸ ਤਰ੍ਹਾਂ ਸਮੁੰਦਰ ਤੋਂ ਵਿੱਛੜੀ ਲਹਿਰ ਸਮੁੰਦਰ ਅੱਗੇ ਤਰਲਾ ਕਰਦੀ ਹੈ ਕਿ ਉਸ ਤੋਂ ਵਿੱਛੜ ਕੇ, ਉਸ ਦੀ ਹੋਂਦ ਕੁੱਝ ਵੀ ਨਹੀਂ, ਉਹ ਉਸ ਨਾਲ ਦੁਬਾਰਾ ਤੋਂ ਮਿਲ ਕੇ ਅਭੇਦ ਹੋਣਾ ਲੋਚਦੀ ਹੈ ਉਸ ਹੀ ਤਰ੍ਹਾਂ ਕਵੀ ਸੱਗੂ ਵੀ ਪ੍ਰਦੇਸ ਤੋਂ ਵਾਪਸ

ਆਏ ਪਿੰਡ ਦੇ ਮੋਹ ਜਾਂ ਪੰਜਾਬੀ ਸੱਭਿਆਚਾਰ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ। ਕਵੀ ਨੇ ਆਪਣੀਆਂ ਵੱਖਰੀਆਂ-ਵੱਖਰੀਆਂ ਕਵਿਤਾਵਾਂ ਰਾਹੀ ਦੱਸਿਆ ਹੈ ਕਿ ਬੇਸ਼ਕ ਲੋਕਾਂ ਵਿੱਚ ਪਿਆਰ, ਮੋਹ ਖ਼ਤਮ ਹੁੰਦਾ ਜਾ ਰਿਹਾ ਹੈ ਪਰ ਉਹ ਮਜ਼੍ਹਬਾਂ, ਜਾਤਾਂ ਦੇ ਵਿੱਚ ਵੰਡੇ ਪਏ ਹਨ ਅਤੇ ਇਕ-ਦੂਸਰੇ ਨਾਲ ਨਫ਼ਰਤ ਕਰ ਰਹੇ ਹਨ।

ਬੇਰੁਜ਼ਗਾਰੀ ਹਰ ਪਾਸੇ ਛਾਈ ਹੋਈ ਹੈ, ਹਰ ਪਾਸੇ ਘੁਟਾਲਾ ਚਲ ਰਿਹਾ ਹੈ। ਮਨੁੱਖ ਦੀ ਹਾਲਤ ਉਸ ਪਤੰਗੇ ਦੇ ਸਮਾਨ ਹੈ ਜੋ ਲਾਟ 'ਤੇ ਆਪਣਾ ਤਨ ਜਲਾ ਦਿੰਦਾ ਹੈ ਬਿਨਾਂ ਕਿਸੇ ਸੁਆਰਥ ਦੇ ਕੋਈ ਕਿਸੇ ਦੀ ਵੀ ਮਦਦ ਨਹੀਂ ਕਰਦਾ ਭਾਵੇਂ ਕੋਈ ਜੋਗੀ, ਜੰਗਮ ਜਾਂ ਸੰਨਿਆਸੀ ਬਣ ਕੇ ਦਿਖਾਵਾ ਕਰਦੇ ਹਨ। ਬਿਨਾਂ ਲਾਲਚ ਤੋਂ ਧੂਣੇ, ਸਮਾਧੀ ਕੋਈ ਨਹੀਂ ਲਗਾ ਸਕਦਾ ਇਸ ਹੀ ਤਰ੍ਹਾਂ ਹਾਕਮ ਵੀ ਲਾਲਚ ਬੱਧੇ ਸੱਤਾ ਚਲਾ ਰਹੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਰੋਮਾਂਸਵਾਦੀ, ਪ੍ਰਗਤੀਵਾਦੀ ਅਤੇ ਸੰਕਟ ਕਾਲ ਨੂੰ ਆਧਾਰ ਬਣਾ ਕੇ ਵੱਖਰੇ-ਵੱਖਰੇ ਵਿਸ਼ਿਆਂ ਦੇ ਰਾਹੀਂ ਕਵਿਤਾ ਨੂੰ ਤਿੰਨ ਕਾਲਾਂ ਦੇ ਸਨਮੁੱਖ ਪੇਸ਼ ਕੀਤਾ ਹੈ ਅਤੇ ਇਕ ਆਪਣੀ ਵੱਖਰੀ ਹੋਂਦ ਸਥਾਪਿਤ ਕੀਤੀ ਹੈ। ਮੈਨੂੰ ਵਿਸ਼ਵਾਸ ਹੈ ਕਿ ਭੁਪਿੰਦਰ ਸੱਗੂ ਦੀਆਂ ਰਚਨਾਵਾਂ ਅਤੇ ਪੰਜਾਬੀ ਸਾਹਿਤ ਵਿੱਚ ਰੁਚੀ ਰੱਖਣ ਵਾਲੇ ਪਾਠਕ ਇਸ ਪੁਸਤਕ ਤੋਂ ਕਾਫ਼ੀ ਲਾਭ ਉਠਾਉਣਗੇ ਅਤੇ ਆਪਣੀ ਜਾਣਕਾਰੀ ਵਿੱਚ ਵਾਧਾ ਕਰਦੇਹੋਏ ਇਸ ਪੁਸਤਕ ਦਾ ਸੁਵਾਗਤ ਕਰਨਗੇ।

**- ਡਾ. ਜੋਤੀ ਸ਼ਰਮਾ**
ਐਸੋਸੀਏਟ ਪ੍ਰੋਫ਼ੈਸਰ,
ਪੰਜਾਬੀ ਵਿਭਾਗ,
ਦੇਸ਼ ਭਗਤ ਯੂਨੀਵਰਸਿਟੀ,
ਮੰਡੀ ਗੋਬਿੰਦਗੜ੍ਹ, ਪੰਜਾਬ।

# ਭੂਮਿਕਾ

ਭੁਪਿੰਦਰ ਸਿੰਘ ਸੱਗੂ ਪਰਵਾਸੀ ਪੰਜਾਬੀ ਕਾਵਿ ਸਿਰਜਣਾ ਨਾਲ ਲਗਾਤਾਰ ਜੁੜਿਆ ਹੋਇਆ ਇੱਕ ਮਿਹਨਤੀ, ਸਿਰੜੀ ਅਤੇ ਸ਼ਿੱਦਤੀ ਕਾਵਿ-ਕਰਮੀ ਹੈ। ਇਸ ਗੱਲ ਦੀ ਗਵਾਹੀ ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਤੋਂ ਲੈ ਕੇ ਹੁਣ ਤੱਕ ਉਸ ਦੁਆਰਾ ਸਿਰਜਤ ਅਨੇਕਾਂ ਮੌਲਿਕ, ਸੰਪਾਦਤ ਅਤੇ ਅਨੁਵਾਦਤ ਕਾਵਿ-ਕਿਰਤਾਂ ਹਨ। ਇਸੇ ਕਾਵਿ ਸ੍ਰੰਖਲਾ ਅਧੀਨ ਉਸਦੀ ਨਵ-ਕਾਵਿ ਪੋਥੀ 'ਤ੍ਰੈਕਾਲ' ਆਉਂਦੀ ਹੈ। ਇਹ ਨਵ-ਕਾਵਿ ਪੋਥੀ ਉਸਦੀਆਂ ਪਹਿਲੀਆਂ ਦੋ ਪੋਥੀਆਂ ਤੋਂ ਵਧੇਰੇ ਠੋਸ, ਗੂੜ੍ਹ ਅਤੇ ਗਹਿਨ ਹੈ। ਕਾਵਿ-ਪੋਥੀ ਵਸਤੂ-ਜਗਤ ਪ੍ਰਤੀ ਉਸਦੀ ਭਾਵਨਾਤਮਿਕ ਪ੍ਰਤੀਕਿਰਿਆ ਅਤੇ ਸੰਪੂਰਨ ਯਥਾਰਥ ਪ੍ਰਤੀ ਦ੍ਰਿਸ਼ਟੀਕੋਣ ਨੂੰ ਬਿਆਨ ਕਰਦੀ ਹੈ। 'ਦਰਦ ਜਾਗਦਾ ਹੈ', 'ਤੇਰੀ ਇਬਾਦਤ' ਅਤੇ 'ਤ੍ਰੈਕਾਲ' ਤਿੰਨੋ ਕਾਵਿ ਰਚਨਾਵਾਂ ਵਿਚ ਮਾਨਵੀ ਦਰਦ ਦੀ ਤ੍ਰੈਕਾਲੀ ਚੇਤਨਾ ਦਾ ਚਿਤਰਣ ਹੈ। ਤ੍ਰੈਕਾਲ ਵਿਚ ਇਹ ਚਿਤਰਣ ਵਧੇਰੇ ਠੋਸ ਰੂਪ ਅਖ਼ਤਿਆਰ ਕਰ ਗਿਆ ਹੈ। ਕਾਵਿ-ਵਕਤਾ 'ਦਰਦ ਬਾਝੋਂ ਜ਼ਿੰਦਗੀ ਨੂੰ ਸ਼ਮਸ਼ਾਨ' ਕਹਿੰਦਾ ਹੈ ਅਤੇ 'ਦਰਦ ਨੂੰ ਹੀ ਜਿੰਦ ਦਾ ਪਹਿਲਾ ਆਸ਼ਕ' ਮੰਨਦਾ ਹੈ। ਇਸ ਕਾਵਿ-ਪੋਥੀ ਦਾ ਇੱਕ ਪੱਖ ਕੁਦਰਤੀ ਸੁੰਦਰਤਾ ਨਾਲ ਜੁੜਿਆ ਹੋਇਆ ਹੈ ਜਿਸ ਵਿਚ ਕਾਵਿ ਵਕਤਾ ਪ੍ਰਕਿਰਤਕ ਬਿੰਬਾਂ ਰਾਹੀਂ ਪਾਠਕੀ ਅੱਖ ਨੂੰ ਦ੍ਰਿਸ਼ਤਾਮਿਕਤਾ ਨਾਲ ਭਰ ਦਿੰਦਾ ਹੈ। ਇੱਕ ਪਾਸੇ ਦਰਦ ਦੀ ਭਾਵਨਾਤਮਿਕ ਚੇਤਨਾ ਅਤੇ ਦੂਜੇ ਪਾਸੇ ਕੁਦਰਤੀ ਰੋਮਾਂਟਿਕ ਬਿੰਬ ਕਾਵਿ-ਵਕਤਾ ਦੇ ਕਾਵਿਕ-ਸੰਸਾਰ ਨੂੰ ਬਹੁ-ਰੰਗੀ ਬਣਾ ਦਿੰਦੇ ਹਨ ਜਿਸ ਵਿਚ ਬ੍ਰਹਿਮੰਡ ਦੀ ਬਾਹਰਲੀ ਸੁੰਦਰਤਾ ਤੋਂ ਲੈ ਕੇ ਮਾਨਵੀ ਮਨ-ਮਸਤਕ ਦਾ ਅੰਦਰੂਨੀ ਦਰਦ ਵੀ ਬਿਰਾਜਮਾਨ ਰਹਿੰਦਾ ਹੈ।

ਸੱਗੂ ਆਧੁਨਿਕ ਯੁੱਗ ਸੰਵੇਦਨਾ ਦਾ ਸੁਚਾਰੂ ਸ਼ਾਇਰ ਹੈ। ਉਸਦੀ ਕਵਿਤਾ ਮੈਂ-ਮੂਲਕਤਾ ਦਾ ਕਾਵਿ-ਸੁਰ ਨਹੀਂ ਉਚਾਰਦੀ ਸਗੋਂ ਉਹ ਮੈਂ-ਮੂਲਕਤਾ ਤੋਂ 'ਹੋਰਨਾਂ' ਅਤੇ 'ਦੂਸਰਿਆਂ' ਵੱਲ ਅਹੁਲਦੀ ਹੈ। ਇਹ 'ਹੋਰਨਾਂ' ਅਤੇ 'ਦੂਸਰੇ' ਆਮ ਲੋਕ ਹਨ। ਕਿਰਤ ਨਾਲ ਜੁੜੀ ਸ਼੍ਰੇਣੀ ਹੈ ਜਿਸਦੀ ਉਦਾਸੀ, ਗ਼ਮ, ਫਿਕਰ ਅਤੇ ਹੌਕੇ ਸੱਗੂ ਦੀ ਕਾਵਿ-ਸੰਵੇਦਨਾ ਦਾ ਅਟੁੱਟ ਹਿੱਸਾ ਬਣਦੇ ਹਨ। ਉਹ ਆਪਣੀ ਪ੍ਰਗਤੀਵਾਦੀ ਕਾਵਿ ਚੇਤਨਾ ਰਾਹੀਂ ਬਾਹਰਮੁਖੀ ਯਥਾਰਥ ਦੇ ਅੰਦਰੂਨੀ ਜਮਾਤੀ ਸੱਚ ਨੂੰ ਪੈਨੀ ਨਜ਼ਰ ਨਾਲ ਦੇਖਦਾ ਹੋਇਆ ਸਮਕਾਲੀਨ ਸਮਾਜ ਦੀ ਜਮਾਤੀ ਬਣਤਰ, ਜਮਾਤੀ ਵੰਡ, ਜਮਾਤੀ ਵਿਰੋਧ ਅਤੇ ਇਹਨਾਂ ਵਿਰੋਧਾਂ ਦੇ ਵਿਕਰਾਲ ਮਾਰੂ ਪਰਿਣਾਮਾਂ ਤੋਂ ਬਾਖ਼ਬਰ ਹੈ। ਉਸਦੀ ਕਵਿਤਾ ਵਿਚੋਂ ਭਾਰੂ ਜਮਾਤ ਦੇ ਜ਼ਾਲਮਾਨਾ, ਪਾਖੰਡੀ, ਲੋਟੂ, ਅਮਾਨਵੀ ਅਤੇ ਵਿਭਚਾਰੀ

ਚਿਹਰੇ ਦੀ ਪਛਾਣ ਹੁੰਦੀ ਹੈ। ਇਸ ਲਈ ਉਹ ਯਥਾਰਥਕ ਘਟਨਾਕ੍ਰਮ ਨੂੰ ਮਹਿਜ਼ ਸੂਚਨਾਵਾਂ ਆਧਾਰਤ ਨਹੀਂ ਸਿਰਜਦਾ ਸਗੋਂ ਆਪਣੀ ਗੂੜ੍ਹ ਸੰਵੇਦਨਾਮੁਖੀ ਭਾਵ ਨਾਲ ਲੁਪਤ ਮਨੋਰਥਾਂ, ਗੁਪਤ ਚਾਲਾਂ, ਅੰਦਰੂਨੀ ਆਵੇਗਾਂ ਅਤੇ ਜਜ਼ਬਾਤੀ ਹੁੰਗਾਰਿਆਂ ਨੂੰ ਜ਼ੁਬਾਨ ਦਿੰਦਾ ਹੈ। ਉਸ ਲਈ ਕਵਿਤਾ ਕ੍ਰਾਂਤੀ, ਸੁਪਨਾ, ਰਾਜਨੀਤੀ ਅਤੇ ਵਿਚਾਰਧਾਰਾ ਤੋਂ ਵਧੇਰੇ ਮਨੁੱਖੀ ਸੰਵੇਦਨਾ ਅਤੇ ਸੁਹਜ ਸੰਸਾਰ ਨੂੰ ਦੇਖਣ ਦਾ ਨਜ਼ਰੀਆ ਬਣਦੀ ਹੈ। ਇਸ ਲਈ ਜਿੱਥੇ ਉਹ ਸਥੂਲ ਯਥਾਰਥ ਨਾਲ ਸੰਵਾਦ ਕਰਦਾ ਹੈ, ਉੱਥੇ ਉਹ ਅਜਿਹੇ ਸੂਖ਼ਮ ਅਹਿਸਾਸਾਂ ਨੂੰ ਜਿਉਂਦਾ ਹੈ ਜਿਸ ਨਾਲ ਜੀਵਨ ਦੀ ਜੀਵੰਤਤਾ ਜੁੜੀ ਹੋਈ ਹੈ।

ਭੁਪਿੰਦਰ ਸਿੰਘ ਸੱਗੂ ਰਚਿਤ ਕਾਵਿ ਪੁਸਤਕ 'ਤ੍ਰੈਕਾਲ' ਵਿਚੋਂ ਕਾਵਿ-ਵਕਤਾ ਦੀ ਪਛਾਣ ਇੱਕ ਪ੍ਰਗਤੀਵਾਦੀ/ਰੁਮਾਂਟਿਕ ਸ਼ਾਇਰ ਵਾਲੀ ਉੱਘੜਦੀ ਹੈ। ਉਸਦਾ ਸੁਹਜਾਤਮਿਕ ਭਾਵ ਬੋਧ ਜਿੱਥੇ ਭਾਈ ਵੰਡ ਅਤੇ ਅਮਾਨਵੀ ਵਿਵਹਾਰ ਨੂੰ ਪ੍ਰਚੰਡ ਸ਼ਬਦਾਂ ਰਾਹੀਂ ਬਿਆਨਦਾ ਹੈ, ਉੱਥੇ ਉਹ ਕੁਦਰਤ ਦੀ ਗੋਦ ਵਿਚ ਬੈਠ ਕੇ ਹਰ ਰੰਗ ਨੂੰ ਮਾਨਣ ਵਾਲਾ ਜੀਣਯੋਗ ਸ਼ਾਇਰ ਬਣਾ ਦਿੰਦਾ ਹੈ। ਇਸ ਕਾਰਨ ਸੱਗੂ ਕਾਵਿ ਕਿਰਤ ਅੰਦਰ ਸੁਹਜਆਤਮਕਤਾ ਅਤੇ ਪ੍ਰਗਤੀਵਾਦੀ ਚੇਤਨਾ ਇਕਸੁਰ ਹੋ ਕੇ ਪ੍ਰਗਟ ਹੁੰਦੀ ਹੈ। ਇਸ ਇਕਸੁਰਤਾ ਨਾਲ ਹੀ ਕਾਵਿ-ਸੰਚਾਰ ਵਿਚ ਇੱਕ ਅਪਮੁਹਾਰਾ ਵੇਗ ਉਦੈ ਹੁੰਦਾ ਹੈ। ਇੱਕ ਅਲੌਕਿਕ ਭਾਵਮਈ ਰਿਦਮ ਵਹਿੰਦਾ ਹੈ। ਇਸ ਰਿਦਮ ਵਿਚ ਸ਼ਾਬਦਿਕ ਰਿਦਮ, ਅਨੁਭਵੀ ਅਹਿਸਾਸਾਂ ਦਾ ਅਜਿਹਾ ਸੰਗਮ ਹੁੰਦਾ ਹੈ ਕਿ ਭਾਸ਼ਾਈ ਮੁਹਾਵਰਾ ਆਪਣੇ ਨਵ-ਭਾਵ ਬੋਧ ਨੂੰ ਸੰਚਾਰਤ ਕਰਦਾ ਹੋਇਆ ਓਪਰਾ ਮਹਿਸੂਸ ਨਹੀਂ ਹੁੰਦਾ। ਉਹ ਹਰ ਛਿਣ ਅਤੇ ਦ੍ਰਿਸ਼ ਨੂੰ ਸ਼ਿੱਦਤ ਨਾਲ ਜਿਉਂਦਾ ਹੋਇਆ ਆਪਣੀ ਸੁਚਾਰੂ ਕਾਵਿ-ਚੇਤਨਾ ਦੀ ਖ਼ੁਸ਼ਬੋ ਰਾਗਆਤਮਕਤਾ ਅਤੇ ਗੀਤਆਤਮਕਤਾ ਰਾਹੀਂ ਪੂਰੇ ਬ੍ਰਹਿਮੰਡੀ ਵਰਤਾਰਿਆਂ ਤੱਕ ਖਿਲਾਰ ਦਿੰਦਾ ਹੈ ਜਿਸ ਕਾਰਨ ਉਸਦੀ ਪ੍ਰਗਤੀਸ਼ੀਲਤਾ ਅਤੇ ਪ੍ਰਗੀਤਕਤਾ ਵਿਚ ਦੁਫਾੜ ਪੈਦਾ ਨਹੀਂ ਹੁੰਦਾ ਸਗੋਂ ਸਮੁੱਚੇ ਕਾਵਿ-ਸੰਸਾਰ ਦੀ ਟੇਕ ਮਾਨਵੀ ਦਰਦ ਅਤੇ ਮਾਨਵੀ ਸੰਵੇਦਨਾ ਬਣੀ ਰਹਿੰਦੀ ਹੈ। ਇਸ ਲਈ ਭੂਪਿੰਦਰ ਸਿੰਘ ਸੱਗੂ ਜ਼ਿੰਦਗੀ ਦੇ ਸਥੂਲ ਅਤੇ ਸੂਖ਼ਮ ਅਹਿਸਾਸਾਂ ਨੂੰ ਸੁਹਜਤਾ ਅਤੇ ਕਲਾਤਮਿਕ ਢੰਗ ਨਾਲ ਬਿਆਨਣ ਵਾਲਾ ਪ੍ਰੌੜ ਸ਼ਾਇਰ ਹੈ ਜਿਸ ਦੁਆਰਾ ਸਿਰਜਤ ਕਾਵਿ-ਪੋਥੀ 'ਤ੍ਰੈਕਾਲ' ਮਾਨਵੀ ਸਰਗਰਮੀ ਅਤੇ ਮਾਨਵੀ ਗੌਰਵ ਦੀ ਗਾਥਾ ਹੋ ਨਿੱਬੜਦੀ ਹੈ।

ਉਮੀਦ ਹੈ ਕਿ ਸਮੂਹ ਪਾਠਕ-ਜਨ ਇਸ ਕਾਵਿ ਪੋਥੀ ਰਾਹੀਂ ਭੂਪਿੰਦਰ ਸਿੰਘ ਸੱਗੂ ਦੇ ਭਾਵ ਜਗਤ ਦੀ ਸੰਘਣਤਾ ਅਤੇ ਵਿਚਾਰਧਾਰਕ ਡੂੰਘਾਈ ਨੂੰ ਹੋਰ ਸ਼ਿੱਦਤ ਨਾਲ ਮਹਿਸੂਸ ਕਰਨਗੇ।

**- ਗੁਰਪ੍ਰੀਤ ਬੋੜ੍ਹਾਵਾਲ (ਡਾ.)**
ਅਸਿਸਟੈਂਟ ਪ੍ਰੋਫ਼ੈਸਰ
ਮੈਤ੍ਰੇਈ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ।

# ਆਪਣੇ ਵੱਲੋਂ

ਸਾਹਿਤਕਾਰ ਸਮਾਜ ਦੇ ਲਈ ਮਾਰਗ ਦਰਸ਼ਕ ਹੁੰਦਾ ਹੈ। ਉਹ ਸਮਾਜ ਦੇ ਉੱਚੇ-ਨੀਵੇਂ ਰਸਤੇ ਨੂੰ ਹਮਵਾਰ ਕਰਨ ਦਾ ਪੂਰਾ ਯਤਨ ਕਰਦਾ ਹੈ। ਉਸਦਾ ਸਾਹਿਤ ਸਮਾਜ ਦੇ ਲਈ ਸ਼ੀਸ਼ਾ ਹੁੰਦਾ ਹੈ ਅਤੇ ਸ਼ੀਸ਼ਾ ਜੇਕਰ ਸਾਫ਼ ਹੋਵੇ ਤਾਂ ਸਮਾਜ ਨੂੰ ਉਸਦਾ ਸਹੀ ਤੇ ਸਾਫ਼ ਅਕਸ ਦਿਖਾ ਦਿੰਦਾ ਹੈ। ਕਵਿਤਾ ਸਾਹਿਤ ਦਾ ਪ੍ਰਮੁੱਖ ਅੰਗ ਹੈ। ਕਵਿਤਾ ਉਸ ਨੂੰ ਹੀ ਪ੍ਰਮਾਣਤ ਮੰਨਿਆ ਜਾਂਦਾ ਹੈ ਜੋ ਸੱਚਾਈ ਤੇ ਸੁੱਚਤਾ ਦੇ ਪਰਕਾਸ਼ ਦਾ ਪ੍ਰਗਟਾਅ ਕਰਨ ਦੀ ਸਮੱਰਥਾ ਰੱਖਦੀ ਹੋਵੇ। ਕਵਿਤਾ ਕੋਈ ਆਸ਼ਕੀ ਦਾ ਕਿੱਸਾ ਜਾਂ ਜਿਸਮਾਨੀ ਤੇ ਜ਼ਿਹਨੀ ਆਯਾਸ਼ੀ ਨਹੀਂ ਇਹ ਤਾਂ ਸਵੈ ਅਲੋਚਨਾ ਜਾਂ ਖ਼ੁਦ-ਸ਼ਨਾਮੀ (ਆਪੇ ਦੀ ਖੋਜ) ਜਾਂ ਖ਼ੁਦ-ਸ਼ਨਾਮੀ (ਪ੍ਰਮਾਤਮਾ ਦੀ ਖੋਜ) ਦਾ ਮਸਲਾ ਹੈ।

ਕਵਿਤਾ ਕੇਵਲ ਪ੍ਰੇਮ ਦੀਆਂ ਕਹਾਣੀਆਂ ਦਾ ਨਾਮ ਨਹੀਂ ਹੈ। ਸ਼ਾਇਰ ਨੂੰ ਆਪਣਾ ਚੌਗਿਰਦਾ ਚੰਗੀ ਤਰ੍ਹਾਂ ਵਾਚਣਾ ਤੇ ਘੋਖਣਾ ਪੈਂਦਾ ਹੈ। ਸਮਾਜ ਦੀਆਂ ਕੁਰੀਤੀਆਂ, ਸਰਕਾਰਾਂ ਦੀਆਂ ਭਿੰਨ-ਭਿੰਨ ਪ੍ਰਕਾਰ ਦੀਆਂ ਸ਼ਤਰੰਜ ਚਾਲਾਂ 'ਤੇ ਵੀ ਨਜ਼ਰ ਰੱਖਣੀ ਪੈਂਦੀ ਹੈ। ਕਵਿਤਾ ਸਿਰਫ਼ ਸੁਤੰਤਰਤਾ ਦਾ ਅਹਿਸਾਸ ਹੀ ਨਹੀਂ ਸਗੋਂ ਮਨੁੱਖ ਅਤੇ ਸਮਾਜ ਦੇ ਸੰਘਰਸ਼ ਵਿੱਚ ਆਪਣਾ ਸਮੁੱਚਾ ਯੋਗਦਾਨ ਪਾਉਣ ਵਿਚ ਵੀ ਸਹਾਈ ਹੁੰਦੀ ਹੈ। ਸਮੁੱਚੀ ਮਾਨਵਤਾ ਦੇ ਚੰਗੇਰੇ ਤੇ ਉਜਾਲੇ ਭਵਿੱਖ ਦੀ ਕਾਮਨਾ ਕਰਦੀ ਹੈ। ਮਜ਼ਦੂਰ, ਕਿਰਸਾਨ, ਗ਼ਰੀਬ ਅਤੇ ਲਿਤਾੜੇ ਹੋਏ ਵਰਗ ਨੂੰ ਆਪਣੇ ਜਾਇਜ਼ ਹੱਕਾਂ ਲਈ ਪ੍ਰੇਰ ਕੇ ਯਤਨਸ਼ੀਲ ਬਨਾਉਣ ਨੂੰ ਆਪਣਾ ਟੀਚਾ ਮਿੱਥ ਕੇ ਉਦਮਸ਼ੀਲਤਾ ਬਖ਼ਸ਼ ਕੇ, ਸੱਚ ਦੀ ਸਿਰਜਣਾ ਵਾਸਤੇ ਜੂਝਣ ਲਈ ਕ੍ਰਿਆਸ਼ੀਲ ਬਣਾਉਂਦੀ ਹੈ।

ਕਵੀ ਇਸ ਜੀਵਨ ਰੂਪੀ ਰੰਗਮੰਚ ਦੇ ਨਾਟਕ ਵਿੱਚ ਨਾਇਕ ਹੈ, ਕੋਈ ਤਮਾਸ਼ਬੀਨ ਨਹੀਂ। ਕਿਸੇ ਵੀ ਦੇਸ਼ ਜਾਂ ਕਿਸੇ ਵੀ ਭਾਸ਼ਾ ਵਿੱਚ, ਕਵਿਤਾ ਦੇ ਅੰਦਰ ਜੁਰਅੱਤ ਹੋਣੀ ਚਾਹੀਦੀ ਹੈ ਕਿ ਦੇਸ਼ ਭਗਤ ਅਤੇ ਦੇਸ਼ ਧ੍ਰੋਹੀ ਵਿੱਚ ਅੰਤਰ ਦਰਸਾਏ। ਮੁਲਕ ਦੀ ਗ਼ਲਤ ਨੇਤਾਗੀਰੀ, ਸਮਾਜਵਾਦੀ ਮਖੌਟੇ ਪਹਿਨੀ ਹੋਈ ਸਰਮਾਏਦਾਰੀ ਡਾਇਣ ਨੂੰ ਨੰਗਿਆਂ ਕਰਨ ਤੋਂ ਗੁਰੇਜ਼ ਨਾ ਕਰੇ। ਇਸ ਦੇ ਨਾਲ ਹੀ ਚੋਰ-ਬਾਜ਼ਾਰੀਏ, ਬਲਾਤਕਾਰੀਏ, ਨਸ਼ਾ ਤਸਕਰਾਂ (ਚੂੰਗੀ ਚੋਰ) ਪਾਖੰਡੀ ਗੁਰੂਆਂ ਜਾਂ ਮੱਕਾਰੀ ਸਾਧਾਂ, ਔਰਤ ਦਾ ਸ਼ੋਸ਼ਣ ਕਰਨ ਵਾਲਿਆਂ ਨੂੰ ਸਮਾਜ ਦੇ ਨਿਆਂਕਾਰੀ ਕਟਿਹਰੇ ਵਿੱਚ ਖੜ੍ਹਾ ਕਰਨ ਦੀ ਸਮੱਰਥਾ ਰੱਖਦਾ ਹੋਵੇ।

ਕਵੀ ਦਾ ਫ਼ਰਜ਼ ਹੈ ਕਿ ਉਹ ਬਿਨਾਂ ਕਿਸੇ ਲਾਲਚ ਤੋਂ ਆਪਣੀ ਕਲਮਕਾਰੀ ਰਾਹੀਂ ਸਮਾਜ ਨੂੰ ਭਰਮ ਮੁਕਤ ਕਰਨ ਦੀ ਕੋਸ਼ਿਸ਼ ਕਰੇ। ਭੋਲੇ ਭਾਲੇ ਲੋਕਾਂ ਨੂੰ ਆਪਣੇ ਹੱਕਾਂ ਤੋਂ ਜਾਣੂ ਕਰਵਾਏ ਜਾਂ ਸੂਝ ਬੂਝ ਪ੍ਰਦਾਨ ਕਰਵਾ ਕੇ, ਆਪਣੇ ਜਾਇਜ਼ ਹੱਕਾਂ ਲਈ ਪ੍ਰੇਰਤ ਕਰੇ। ਸਗੋਂ ਹੱਕਾਂ ਦੀ ਪ੍ਰਾਪਤੀ ਦੇ ਲਈ ਕਰਮਸ਼ੀਲ ਜਾਂ ਯਤਨਸ਼ੀਲ ਹੋਣ ਦੀ ਜ਼ਰੂਰਤ ਪੈਂਦੀ ਹੈ। ਮੈ ਵਿਚਾਰ ਰੱਖਦਾ ਹਾਂ ਕਿ ਕਵੀ ਆਪਣੀ ਪੀੜਾ ਨੂੰ ਲੋਕਾਂ ਦੀ ਮੂਲ ਵੇਦਨਾ ਨਾਲ ਇਕ ਸੁਰ ਕਰਕੇ ਜਾਂ ਇਕ ਸੁਰ ਹੋ ਕੇ ਬੋਲਦਾ ਹੈ ਤਾਂ ਉਹ ਬੇਸ਼ੁਮਾਰ ਗੂੰਗੇ ਲੋਕਾਂ ਨੂੰ ਜੀਭ ਲਾ ਦਿੰਦਾ ਹੈ।

ਮੈਂ ਡਾ. ਜੋਤੀ ਸ਼ਰਮਾ ਜੀ, ਡਾ. ਗੁਰਪ੍ਰੀਤ ਬੋੜਾਵਾਲ ਦਿੱਲੀ ਅਤੇ ਡਾ. ਪ੍ਰੀਤਮ ਸਿੰਘ ਕੈਂਬੋ (ਲੰਡਨ) ਦਾ ਵੀ ਰਿਣੀ ਅਤੇ ਧਨਵਾਦੀ ਹਾਂ ਜਿਹਨਾਂ ਨੇ ਮੇਰੇ ਇਸ ਮਜ਼ਮੂਨ ਬਾਰੇ ਤਹਿਰੀਕ ਕਰਕੇ ਮੇਰੇ ਜਿਹੇ ਕਲਮਕਾਰ ਨੂੰ ਮਾਣ ਬਖ਼ਸ਼ਿਆ ਹੈ।

ਮੈਂ ਆਪਣੇ ਵੱਡੇ ਜਨਾਬ ਬਲਵੰਤ ਸਿੰਘ ਬੈਂਸ ਜੀ ਦਾ ਵੀ ਧਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਨਾਲ ਇਹ ਪੁਸਤਕ ਪਾਠਕਾਂ ਦੇ ਹੱਥਾਂ ਵਿੱਚ ਪਹੁੰਚ ਪਾਈ ਹੈ। ਮੈਂ ਆਪਣੇ ਮਿੱਤਰ ਸ. ਪ੍ਰਦੀਪ ਸਿੰਘ ਬਾਸੀ ਜੀ ਅਤੇ ਬਲਜਿੰਦਰ ਸਿੰਘ 'ਬੱਲੀ', ਉਸ ਦੀ ਸੁਪਤਨੀ ਗੁਰਪ੍ਰੀਤ ਕੌਰ ਜੀ ਦਾ ਵੀ ਧਨਵਾਦੀ ਹਾਂ ਜਿਹੜੇ ਇਸ ਪੁਸਤਕ ਦੇ ਸਰਪਰਸਤ ਜਾਂ ਜਾਮਿਨ ਬਣੇ ਹਨ।

ਮੈਂ ਇਸ ਰਚਨਾ ਕਾਰਜ ਵਿੱਚ ਕਿੰਨਾ ਕੁ ਕਾਮਯਾਬ ਰਿਹਾ ਹਾਂ ਇਹ ਫ਼ੈਸਲਾ ਮੈਂ ਸਿਆਣੇ ਅਤੇ ਸੂਝਵਾਨ ਪਾਠਕਾਂ ਦੀ ਬਾਰੀਕ-ਬੀਨੀ, ਕ੍ਰਿਪਾ ਦ੍ਰਿਸ਼ਟੀ ਅਤੇ ਦਿਆਲਤਾ ਦੇ ਹਵਾਲੇ ਕਰਦਾ ਹਾਂ।

**- ਭੁਪਿੰਦਰ ਸਿੰਘ ਸੱਗੂ**
(ਚੇਅਰਮੈਨ)
ਕੇਂਦਰੀ ਪੰਜਾਬੀ ਸਾਹਿਤ ਸਭਾ,
ਵੁਲਵਰਹੈਂਪਟਨ (ਯੂ ਕੇ)

# ਤਰਤੀਬ


- ਸੂਰਜਾ ਵੇ ਸੂਰਜਾ 19
- ਬਗ਼ਾਵਤ ਦੇ ਆਸਾਰ 22
- ਮਗਰਮੱਛ 24
- ਸਾਮਰਾਜੀ ਜਿੰਨ 26
- ਕਦ ਤਕ ਡਰੋਗੇ 28
- ਸ਼ਹਿਰ 30
- ਵਿਸਮਾਦ ਨਗਰ 32
- ਮੁਰਸ਼ਦ 34
- ਦਰਿਆ ਕਿਨਾਰੇ 36
- ਚਿੜੀਆਂ 39
- ਕਰਬਲਾ 41
- ਬੂੰਦ 43
- ਗੀਤ ਜਦੋਂ ਲਿਖਦਾਂ 45
- ਚੀਸ ਬਾਵਰੀ 47
- ਚੋਰ ਬਾਜ਼ਾਰੀ 49
- ਗਗਨ ਪੰਖ਼ੇਰੂ 51
- ਈਦ ਮੁਬਾਰਕ 53
- ਕੁਦਰਤ 55
- ਸੱਜਣ ਜੀ 57
- ਬੁੱਤ 59
- ਮਾਤਮ 61
- ਤਾਰਿਓ ਵੇ ਤਾਰਿਓ 63
- ਐਲਾਨ 65
- ਅੰਮ੍ਰਿਤ ਵੇਲਾ 67

- ਗੀਤ 69
- ਸਾਵਣ 71
- ਨਿਗਰਲ 73
- ਮਾਂ ਬੋਲੀ ਪੰਜਾਬੀ 75
- ਮ੍ਰਿਗ ਤ੍ਰਿਸ਼ਨਾ 77
- ਵਿਛੜੀ ਲਹਿਰ 79
- ਤ੍ਰੈਕਾਲ 81
- ਜੰਗ 83
- ਕੋਰਾ ਸੱਚ 85
- ਇਸ਼ਕ ਦੇ ਕੰਮ ਅਵੱਲੇ 87
- ਕਰੋਨਾ–ਉਨ੍ਹੀਂ 89
- ਸੂਫ਼ੀ 91
- ਪਰਵਾਸੀ ਕੂੰਜਾਂ 93
- ਸ਼ਬਦ 96
- ਅੰਦਰੋਂ ਅੰਦਰੀ 98
- ਲੀਰੋ ਲੀਰ ਮੁਹੱਬਤ 100
- ਬੇਰੁਜ਼ਗਾਰੀ 102
- ਇਹ ਦੁਨੀਆਂ 104
- ਭਾਸ਼ਨ 106
- ਰਾਜ ਸ਼ੇਰੇ ਪੰਜਾਬ ਦਾ 108
- ਮੌਸਮ 110
- ਘੁਟਾਲਾ 112
- ਜਿੰਦ ਦਾ ਆਸ਼ਿਕ 114
- ਸ਼ਹਾਦਤ 116
- ਬਟਵਾਰਾ 118

ਬ੍ਰਹਿਮੰਡ ਵਿਚ ਤ੍ਰੈਕਾਲ ਕੂਕਦੇ
ਨਾ ਕਿਧਰੇ ਵੀ ਤਾਰਾ ਦਿਸਦੈ,
ਚੰਦਰਮਾ ਵੀ ਗੁੰਮ-ਸੁੰਮ ਹੋਇਆ
ਬਸ ਹੁਣ ਨ੍ਹੇਰ ਪਸਾਰਾ ਦਿਸਦੈ।

## ਸੂਰਜਾ ਵੇ ਸੂਰਜਾ

ਸੂਰਜਾ ਵੇ ਸੂਰਜਾ
ਦੇਵੀਂ ਸਾਨੂੰ ਊਰਜਾ
ਲਬਾਂ ਉੱਤੇ ਆਈ ਸਾਡੀ ਜਾਨ ।

ਰਾਹਾਂ ਵਿੱਚ ਕੰਡੇ ਨੇ
ਦੁੱਖ ਅਣਵੰਡੇ ਨੇ ,
ਚੱਪੇ ਚੱਪੇ ਬੈਠੇ ਨੇ ਸ਼ੈਤਾਨ
ਲਬਾਂ ਉੱਤੇ ਆਈ ਸਾਡੀ ਜਾਨ ।

ਰਾਤਾਂ ਨੇ ਹਨੇਰੀਆਂ
ਯਾਦਾਂ ਆਉਣ ਤੇਰੀਆਂ ,
ਸਾਡੇ ਕੋਲੋਂ ਰੁੱਸੀ ਮੁਸਕਾਨ
ਲਬਾਂ ਉੱਤੇ ਆਈ ਸਾਡੀ ਜਾਨ ।

ਲੀਰਾਂ ਲੀਰਾਂ ਧਰਤੀ ਨੂੰ
ਲਾਉਣੀਆਂ ਨੇ ਟਾਕੀਆਂ ,
ਚੁੰਮ ਕੇ ਵਰਾਉਣਾ ਆਸਮਾਨ
ਲਬਾਂ ਉੱਤੇ ਆਈ ਸਾਡੀ ਜਾਨ ।

ਸਾਡੀਆਂ ਆਜ਼ਾਦੀਆਂ 'ਤੇ
ਪਹਿਰਾ ਹੈ ਗ਼ੁਲਾਮੀਆਂ ਦਾ,
ਦੁੱਖਾਂ ਵਿੱਚ ਜੀਵੇ ਇਨਸਾਨ
ਲਬਾਂ ਉੱਤੇ ਆਈ ਸਾਡੀ ਜਾਨ ।

ਮੰਦਰ-ਮਸੀਤ ਫੋਲੇ
ਪੂਜਾ ਤੇ ਨਮਾਜ਼ ਪੜ੍ਹੀ,
ਲੱਭਿਆ, ਖ਼ੁਦਾ ਨਾ ਭਗਵਾਨ
ਲਬਾਂ ਉੱਤੇ ਆਈ ਸਾਡੀ ਜਾਨ ।

ਬੀਬਿਆ ਤੇ ਰਾਣਿਆਂ ਦੇ
ਖੋਖਲੇ ਜ਼ਮੀਰ ਦੇਖੇ,
ਮਹਿਲਾਂ ਵਾਲੇ ਤੱਕੇ ਬੇ-ਈਮਾਨ
ਲਬਾਂ ਉੱਤੇ ਆਈ ਸਾਡੀ ਜਾਨ ।

ਛੱਡ ਦਈਏ ਆਪਾਂ ਕਈਆਂ
ਸਦੀਆਂ ਦੀ ਨੀਂਦ ਹੁਣ,
ਰੌਸ਼ਨੀ ਦੇ ਲੱਭੀਏ ਨਿਸ਼ਾਨ
ਲਬਾਂ ਉੱਤੇ ਆਈ ਸਾਡੀ ਜਾਨ ।

ਅਹਿਦ ਹੁਣ , ਫੇਰ ਲਈਏ
ਫ਼ਾਸਲੇ ਨੂੰ ਮੇਟ ਦਈਏ,
ਜਾਂਦੀ ਹੈ ਤਾਂ ਜਾਵੇ ਸਾਡੀ ਸ਼ਾਨ
ਲਬਾਂ ਉੱਤੇ ਆਈ ਸਾਡੀ ਜਾਨ ।

ਸ਼ਾਇਰ ਦਾ ਸਵਾਲ ਵੀ ਹੈ
ਜ਼ਿੰਦਗੀ ਕੰਗਾਲ ਵੀ ਹੈ,
ਚੇਤਨਾ ਨੂੰ ਮਿਲੂ ਕਦੋਂ ਵਰਦਾਨ
ਲਬਾਂ ਉੱਤੇ ਆਈ ਸਾਡੀ ਜਾਨ ।

•••

## ਬਗ਼ਾਵਤ ਦੇ ਆਸਾਰ

ਇਹ ਜੋ ਬੈਠੇ ਨੇ ਰਾਹਾਂ 'ਚ ਹੱਕਾਂ ਲਈ
ਜ਼ੁਲਮ ਅੱਗੇ ਕਦੀ ਇਹਨਾਂ ਝੁਕਣਾ ਨਹੀਂ ,
ਲਾਠੀਆਂ-ਗੋਲੀਆਂ ਦਾ ਡਰਾਵਾ ਨਾ ਦੇ
ਇਹ ਨਸ਼ਾ ਜਲਦ ਤੇਰਾ ਉਤਰ ਜਾਏਗਾ ।

ਜਾਨ ਦਿੱਤੀ ਜਿਨ੍ਹਾਂ ਹੋਰਨਾਂ ਵਾਸਤੇ
ਲੋਕ ਮਰ ਕੇ ਉਹ ਜਗ ਵਿੱਚ ਅਮਰ ਹੋ ਗਏ ,
ਕਾਫ਼ਿਲਾ ਇੰਝ ਜਾਣਾ ਨਹੀਂ ਪਰਤ ਕੇ
ਜਿੱਤ ਕਰਕੇ ਪ੍ਰਾਪਤ ਹੀ ਘਰ ਜਾਏਗਾ ।

ਉਹਦੀ ਆਵਾਜ਼ ਅੰਦਰ ਹੈ ਹਉਮੈਂ ਅਜੇ
ਉਹਦੀ ਫ਼ਿਤਰਤ ਗ਼ਰੀਬਾਂ ਨੂੰ ਲੁੱਟਣ ਦੀ ਹੈ ,
ਵਕਤ ਦਿੱਤਾ ਬੜਾ ਨਾਸਮਝ ਨੂੰ ਅਸੀਂ
ਉਹ ਬਚੇਗਾ ਜੇ ਥੋੜ੍ਹਾ ਸੁਧਰ ਜਾਏਗਾ ।

ਜਿੱਤ ਸਾਡੀ ਦਾ ਨਾਹਰਾ ਬੁਲੰਦ ਹੋ ਗਿਆ
ਸੱਚ ਜਿੱਤੇਗਾ ਆਖ਼ਰ ਹਕੀਕਤ ਹੈ ਇਹ ,
ਉਮਰ ਬੀਤੇਗੀ ਤੇਰੀ ਬੜੀ ਹੀ ਕਠਨ
ਵਕਤ ਸਾਡਾ ਤਾਂ ਫਿਰ ਵੀ ਗੁਜ਼ਰ ਜਾਏਗਾ ।

ਤੈਨੂੰ ਮਜ਼ਦੂਰ ਕਹਿੰਦੈ, ਨਾ ਮਗ਼ਰੂਰ ਹੋ
ਲੈਣ ਆਏ ਨਿਆਂ ਨੇ ਜੋ ਉਹਨਾਂ ਨੂੰ ਸੁਣ ,
ਜੇ ਨਾ ਸੁਣਿਆ ਬਗ਼ਾਵਤ ਦੇ ਆਸਾਰ ਨੇ
ਤੇਰੇ ਘਰ ਦਾ ਵੀ ਸ਼ਿਜਰਾ ਬਿਖਰ ਜਾਏਗਾ ।
●●●

## ਮਗਰਮੱਛ

ਇੱਕ ਮਗਰਮੱਛ ਭੁੱਖਾ ਏ
ਹੁਣ ਫੇਰ ਜਬਾੜਾ ਅੱਡਦਾ ਹੈ ,
ਮੈਨੂੰ ਲਗਦਾ ਹਲ਼ਕ ਗਿਆ ਇਹ
ਮੂੰਹ ਵਿੱਚੋਂ ਝੱਗ ਛੱਡਦਾ ਹੈ ।

ਕੁੱਝ ਪਰਿੰਦੇ ਇਸ ਨੇ ਆਪਣੇ
ਢਿੱਡ ਅੰਦਰ ਦਫ਼ਨਾ ਦਿੱਤੇ ,
ਹੁਣ ਫਿਰ ਪੂਛ ਹਿਲਾਉਂਦਾ ਇਹ
ਤੇ ਨਵੀਆਂ ਫ਼ਾਹੀਆਂ ਗੱਡਦਾ ਹੈ ।

ਨਸਲਾਂ, ਜ਼ਾਤਾਂ, ਧਰਮਾਂ ਅੰਦਰ
ਵੰਡੀਆਂ ਪਾਵੇ , ਅੱਤ ਮਚਾਵੇ ,
ਇਹਦੇ ਮੂੰਹ ਨੂੰ ਖ਼ੂਨ ਹੈ ਲੱਗਾ
ਚਸਕਾ ਇਸ ਨੂੰ ਹੱਡਦਾ ਹੈ ।

ਰੱਜੇ ਨਾ ਇਹ , ਇਸ ਦੀ ਭੁੱਖ ਹੁਣ
ਦੂਣ-ਸਵਾਈ ਹੈ ਹੋਈ ,
ਲਗਦਾ ਹੈ ਹੁਣ ਅੰਤ ਬੜਾ ਹੀ
ਨੇੜੇ ਏਸ ਉਜੱਡ ਦਾ ਹੈ ।

ਸੁੱਕੀ ਥਾਂ 'ਤੇ ਆ ਕੇ ਆਪਣੀ
ਮੌਤ ਬੁਲਾਈ ਹੈ ਇਸ ਨੇ ,
ਡਿੱਗ ਕੇ ਮਰ ਜਾਵੇਗਾ
ਇਸ ਨੂੰ ਚੇਤਾ ਭੁਲਿਆ ਖੱਡ ਦਾ ਹੈ ।

●●●

## ਸਾਮਰਾਜੀ ਜਿੰਨ

ਕਾਫ਼ਲਿਆਂ ਨੇ ਪਰਚੰਮ ਚੁੱਕੇ
ਗੱਲ ਤੁਰੀ ਅਧਿਕਾਰ ਦੀ ,
ਕਿੱਲ ਗੱਡ ਕੇ ਇਹ ਰੋਕ ਰਹੇ ਨੇ
ਉਹਨਾਂ ਸੋਚੀ ਪਾਰ ਦੀ ।

ਸ਼ਿਕਰੇ , ਚਿੜੀਆਂ ਨੂੰ ਧਮਕਾਉਂਦੇ
ਗੱਲ ਕਰਦੇ ਤਕਰਾਰ ਦੀ ,
ਨਾਟ-ਅਡੰਬਰ ਖ਼ੂਬ ਰਚਾਉਂਦੇ
ਸੁਣਦੇ ਨਾ ਹੱਕਦਾਰ ਦੀ ।

ਇਸ ਤੋਂ ਵੱਡੀ ਹੋਰ ਕੀ ਵਹਿਸ਼ਤ
ਥਾਂ ਥਾਂ ਪੈਰ ਪਸਾਰਦੀ ,
ਧੜਿਆਂ ਦੇ ਵਿੱਚ ਵੰਡੀ ਖ਼ਲਕਤ
ਇਹ ਨੀਤੀ ਸਰਕਾਰ ਦੀ ।

ਮੈਂ ਦੇਖੀ ਸਰਕਾਰ ਕਦੇ ਨਾ
ਏਦਾਂ ਕੰਧ ਉਸਾਰ ਦੀ ,
ਅਪਣਿਆਂ ਲੋਕਾਂ ਨੂੰ ਚੁਣ ਚੁਣ
ਇਸ ਦੇ ਅੰਦਰ ਮਾਰ ਦੀ ।

ਸਾਮਰਾਜ ਦਾ ਜਿੰਨ ਮਰੇਗਾ
ਧਰਤੀ ਰੋਜ਼ ਪੁਕਾਰ ਦੀ ,
ਹੱਕ-ਸੱਚ ਦੇ ਦੰਗਲ ਅੰਦਰ
ਜਿੱਤ ਹੋਣੀ ਸਚਿਆਰ ਦੀ
•••

## ਕਦ ਤਕ ਡਰੋਗੇ

ਤੁਸੀਂ ਜੇ ਲੜੇ ਨਾ ਸ਼ਹਾਦਤ ਦੀ ਰੁੱਤੇ
ਸਦਾ ਵਾਸਤੇ ਫਿਰ ਸਿਤਮ ਹੀ ਜਰੋਗੇ ,
ਘਰੇ ਬਹਿ ਕੇ ਰੋਵੋਂਗੇ , ਹਾਉਕੇ ਭਰੋਗੇ
ਵਤਨ ਦੇ ਕਿਸਾਨੋਂ ਕਦੋਂ ਤਕ ਡਰੋਗੇ ।

ਹੈ ਬੋਲਣ ’ਤੇ ਬੰਦਿਸ਼ ਤੇ ਹੋਠਾਂ ਨੂੰ ਤਾਲ਼ੇ
ਇਵੇਂ ਖ਼ਤਮ ਹੋਣੇ ਨਾ ਇਹ ਵਕਤ ਕਾਲ਼ੇ ,
ਜੇ ਚਾਰਾ ਇਨ੍ਹਾਂ ਦਾ ਨਾ ਕੀਤਾ ਤੁਸਾਂ ਨੇ
ਤੁਸੀਂ ਜ਼ਖ਼ਮ ਅਪਣੇ ਕਿਵੇਂ ਫਿਰ ਭਰੋਗੇ ।

ਇਹ ਜਿੰਨ ਸਾਮਰਾਜੀ ਸਦਾ ਲੁੱਟਦਾ ਹੈ
ਗ਼ਰੀਬਾਂ ਦੇ ਗਲ਼ ਮੁੱਢ ਤੋਂ ਘੁੱਟਦਾ ਹੈ ,
ਨਾ ਪਿੱਛੇ ਹਟਣਗੇ ਲਹੂ ਪੀਣ ਵਾਲੇ
ਇਨ੍ਹਾਂ ਦਾ ਅਗਰ ਨਾ ਵਸੀਲਾ ਕਰੋਗੇ ।

ਕਈ ਬਾਜ਼ ਚਿੜੀਆਂ ਨੂੰ ਵੰਗਾਰ ਦੇ ਨੇ
ਤੇ ਗਿਰਝਾਂ ਦੇ ਟੋਲੇ ਵੀ ਲਲਕਾਰ ਦੇ ਨੇ ,
ਇਹ ਧਨਵਾਨ ਲੈ ਜਾਣਗੇ ਫ਼ਸਲ ਸਾਰੀ
ਤੁਸੀਂ ਹੰਝੂਆਂ ਦੇ ਤਲਾਅ ਵਿੱਚ ਤਰੋਗੇ ।

ਕੋਈ ਗੱਲ ਕਹਿਣੀ ਤਾਂ ਸੌਖੀ ਬੜੀ ਹੈ
ਨਾ ਘਬਰਾਓ ਮੰਜ਼ਿਲ ਜੇ ਔਖੀ ਬੜੀ ਹੈ ,
ਦਿਲ ਛੱਡ ਗਏ ਤਾਂ ਬਣਾਂਗੇ ਨਹੀਂ ਕੁੱਝ
ਤਾਂ ਲਗਦੈ ਤੁਸੀਂ ਫਿਰ ਯਕੀਨਨ ਹਰੋਗੇ ।
•••

## ਸ਼ਹਿਰ

ਕਿੰਨਾਂ ਨਿਰਮੋਹਾ ਹੈ
ਇਹ ਸ਼ਹਿਰ !

ਜਿਸ ਦੀ ਚੁੱਪ ਅੰਦਰ
ਸਾਜ਼ਿਸ਼ ਬੋਲਦੀ ਹੈ

ਜਿਸ ਦੀਆਂ ਅੱਖਾਂ
ਖ਼ਚਰਾ ਹਾਸਾ ਹੱਸਦੀਆਂ ਹਨ
ਜਿਸ ਦੀ ਦੁਪਹਿਰ
ਖ਼ੂਨੀ ਰਾਗ ਅਲਾਪਦੀ ਹੈ
ਜਿਸ ਦੀ ਕਾਲ਼ੀ-ਬੋਲ਼ੀ ਰਾਤ

ਬਲਾਤਕਾਰ ,
ਖ਼ੁਦਗ਼ਰਜ਼ੀ ਨੂੰ ਜੰਮਦੀ ਹੈ

ਜਿਸ ਦਾ ਸੂਰਜ
ਧੁੰਦਲੇ ਨਕਸ਼ ਉਲੀਕਦਾ ਹੈ

ਇਹ ਸ਼ਹਿਰ ਜੋ ਕਦੇ
ਅੰਦਰੋਂ-ਬਾਹਰੋਂ ਸ਼ਬਦਾਂ ਦਾ
ਖ਼ੌਲਦਾ ਸਮੁੰਦਰ ਸੀ

ਮੂੰਹ ਜ਼ੋਰ ਝੱਖੜਾਂ ਸਾਹਵੇਂ
ਸੀਨਾ ਤਾਣ ਖੜ੍ਹਦਾ ਸੀ
ਧੁੰਦ-ਗਵਾਰ ਦੀ ਤਾਕਤ ਨੂੰ
ਤਲੀਆਂ 'ਤੇ ਮਸਲਦਾ ਸੀ

ਅੱਜ ਕਿਸੇ ਖੰਡਰ ਵਾਂਗ
ਇਹਦੀ ਹੋਂਦ ਜ਼ਖ਼ਮੀ ਹੈ !

●●●

## ਵਿਸਮਾਦ ਨਗਰ

ਚੇਤਰ ਦਾ ਮੁੱਖ ਚੁੰਮਣ ਆਈਆਂ
ਠੰਡੀਆਂ ਠਾਰ ਹਵਾਵਾਂ ,
ਆ ਸੱਜਣਾ ਬਹਿ ਪਲ਼ੰਘ ਨਵਾਰੀ
ਰੱਜ ਕੇ ਵਸਲ ਹੰਢਾਵਾਂ ।

ਜੀਅ ਕਰਦਾ ਹੈ ਮਦਰਾ ਵਾਂਗੂੰ
ਮੈਂ ਤੈਨੂੰ ਪੀ ਜਾਵਾਂ ,
ਤੂੰ ਆਵੇਂ ਤਾਂ ਚਾਨਣੀਆਂ ਵਿੱਚ
ਨੱਚ ਨੱਚ ਸ਼ਗਨ ਮਨਾਵਾਂ ।

ਦਿਲ ਦੇ ਦੀਵੇ ਗੁੱਲ ਹੋਏ ਹਨ
ਕਿਸ ਦੇ ਨਾਲ ਜਗਾਵਾਂ ,
ਸੂਰਜ ਕੋਲੋਂ ਦਗ਼ਦਾ ਕੋਲਾ
ਕਿੱਦਾਂ ਮੰਗ ਲਿਆਵਾਂ ।

ਖ਼ਾਮੋਸ਼ੀ , ਤਨਹਾਈ ਅੰਦਰ
ਮੈਂ ਰੋਵਾਂ ਕੁਰਲਾਵਾਂ ,
ਕਸਕ ਕਲੇਜੇ ਆਣ ਪਈ ਹੈ
ਦੱਸ ਕਿੱਦਾਂ ਮੁਸਕਾਵਾਂ ।

ਏਸ ਮਹੀਨੇ ਵਸਲਾਂ ਰੁੱਤੇ
ਪਿਆਰ ਦਾ ਬੂਟਾ ਲਾਵਾਂ ,
ਜੇ ਤੂੰ , ਇਸ਼ਕ ਮੇਰੇ ਨੂੰ ਸਮਝੇਂ
ਮਹਿਕਣ ਚਾਰ ਦਿਸ਼ਾਵਾਂ ।

ਜਦ ਆਵੇਂ ਵਿਸਮਾਦ ਨਗਰ ਵੱਲ
ਰੱਤ ਦੇ ਦੀਪ ਜਗਾਵਾਂ ,
ਚਾਨਣ ਦਾ ਮੈਂ ਪੋਚਾ ਫੇਰਾਂ
ਅਨਹਦ ਨਾਦ ਵਜਾਵਾਂ ।

●●●

## ਮੁਰਸ਼ਦ

ਮੇਰਾ ਪਿਆਰਾ ਜਦ ਮਿਲਦਾ ਹੈ
ਏਦਾਂ ਦਾ ਦੇ ਵਰ ਜਾਂਦਾ ਹੈ ,
ਅੱਲੇ ਅੱਲੇ ਜ਼ਖ਼ਮਾਂ ਉੱਤੇ
ਠੰਡੇ ਫੈਹੇ ਧਰ ਜਾਂਦਾ ਹੈ ।

ਨਾਲ ਸੱਜਣ ਦੇ ਨਿੰਹੁ ਜਿਹਨਾਂ ਦਾ
ਠਿੱਲ੍ਹ ਪੈਂਦੇ ਦਰਿਆਵਾਂ ਅੰਦਰ ,
ਉਹ ਨਾ ਇਸ਼ਕ ਸ਼ਰ੍ਹਾ ਦੇ ਕਾਬਲ
ਜੋ ਲਹਿਰਾਂ ਤੋਂ ਡਰ ਜਾਂਦਾ ਹੈ ।

ਦੁਨੀਆਂ ਅੰਦਰ ਜੀਵਤ ਰਹਿੰਦਾ
ਜੋ ਲੋਕਾਂ ਲਈ ਮਰ ਜਾਵੇ ,
ਆਪਣੀ ਖ਼ਾਤਰ ਜੀਵੇ ਜਿਹੜਾ
ਪਾਣੀ ਤੋਂ ਬਿਨ ਠਰ ਜਾਂਦਾ ਹੈ ।

ਏਸ ਨਗਰ ਦੇ ਕਾਫ਼ਿਰ ਬੰਦੇ
ਬੋਲਣ ਝੂਠ ਤੇ ਧੋਖਾ ਦਿੰਦੇ ,
ਹੰਝੂ ਬਣਕੇ ਛਲਕ ਪਏ ਜਦ
ਦਿਲ ਦਾ ਭਾਂਡਾ ਭਰ ਜਾਂਦਾ ਹੈ ।

ਲੰਘਣ ਵੇਲੇ ਉਸ ਦੇ ਦਰ ਨੂੰ
ਤੂੰ ਵੀ ਸਜਦਾ ਕਰ ਕੇ ਜਾਈਂ ,
ਮੁਰਸ਼ਦ ਦੀ ਕਿਰਪਾ ਜੇ ਹੋਵੇ
ਅਰਸ਼ੋਂ ਉੱਚਾ ਕਰ ਜਾਂਦਾ ਹੈ ।
•••

## ਦਰਿਆ ਕਿਨਾਰੇ

ਦਰਿਆ ਕਿਨਾਰੇ ਤੁਰਦਿਆਂ
ਮਿੱਤਰ ਨੇ ਚੁੱਪ ਤੋੜੀ :

ਅੱਜ ਦਾ ਮਨੁੱਖ ਤਲਾਸ਼ ਰਿਹਾ ਹੈ
ਜ਼ਿੰਦਗੀ ਦੀ ਦੌੜ-ਭੱਜ 'ਚੋਂ
ਖੁੱਸ ਚੁੱਕੇ ਸਕੂਨ ਨੂੰ ।

ਪੌਂਡਾਂ – ਡਾਲਰਾਂ ਦੀਆਂ ਤੰਦਾਂ 'ਚ
ਉਲਝੇ ਹੋਏ ਮਨੁੱਖ ਕੋਲ
ਏਨੀ ਫ਼ੁਰਸਤ ਕਿੱਥੇ
ਕਿ ਆਪਣੀ ਸੁਪਨਾਈ ਅੱਖ ਦੀ
ਇਬਾਰਤ ਪੜ੍ਹ ਸਕੇ ।

ਉਹਦੀ ਦਾਰਸ਼ਨਿਕ ਸੋਚ
ਪ੍ਰਦੂਸ਼ਿਤ ਹੋ ਚੁੱਕੀ ਹੈ ।

ਉਸ ਦਾ ਜ਼ਿਹਨ ਅੰਦਰੋਂ ਖ਼ਾਲੀ
ਕਿਸੇ ਨੂੰ ਦੁਆ ਦੇਣ ਤੋਂ ਅਸਮਰੱਥ ਹੈ ।

ਉਸ ਦੇ ਲਕਸ਼ ਅੰਦਰ
ਮਿਰਗ-ਤ੍ਰਿਸ਼ਨਾ ਝਾਕਦੀ ਹੈ ।
ਵਰਤਮਾਨ ਦੇ ਬਦਲਦੇ ਤੇਵਰਾਂ 'ਚ
ਮਨੁੱਖੀ ਸਰੋਕਾਰਾਂ ਦੀ ,
ਪਹਿਚਾਣ ਕਰਨ ਲਈ
ਉਸ ਕੋਲ ਵਿਹਲ ਕਿੱਥੇ ਹੈ ।

ਮਨੁੱਖ ,
ਸਕੂਨ ਦੀ ਤਲਾਸ਼ ਕਰਦਾ
ਫੇਸਬੁੱਕ 'ਤੇ ਬੈਠਾ
ਸਾਰਾ ਦਿਨ ਗੁਜ਼ਾਰਦਾ
ਹਵਾ 'ਚ ਤਲਵਾਰਾਂ ਮਾਰਦਾ ।

ਸਕੂਨ ਤਾਂ
ਕੱਚਿਆਂ ਘਰਾਂ 'ਚ ਵਸਦੀਆਂ
ਰੂਹਾਂ ਨਾਲ ਸੀ ।

ਧੁੱਪਾ , ਛਾਵਾਂ ਨਾਲ ਕੀਤੀਆਂ
ਮੁਹੱਬਤੀ ਮੁਲਾਕਾਤਾਂ ਨਾਲ ਸੀ ।

ਲੋਕ ਆਪਣੀ ਮੌਜ 'ਚ ਆ ਕੇ
ਖੁੱਲ੍ਹੇ ਆਸਮਾਨ ਹੇਠਾਂ ਸੌਂਦੇ ,
ਤਾਰੇ ਗਿਣਦੇ ,
ਬਾਤਾਂ ਪਾਉਂਦੇ ,
ਗੱਲ ਗੱਲ ਉੱਤੇ ਤਾੜੀ ਮਾਰ ਹੱਸਦੇ ,
ਚਾਨਣ ਘੁਲ਼ੀ ਹਵਾ 'ਚ
ਸਾਹ ਭਰਦੇ ,
ਮੋਹ-ਗਲਵਕੜੀ ਪਾਉਂਦੇ ਸਨ ।

ਗੱਲਾਂ 'ਚ ਸਹੁਜ - ਸੁਆਦ ਸੀ
ਕਿਰਤ ਸੀ ,
ਆਨੰਦ ਸੀ ,
ਜੋ ਅੱਜ ਸਮੇਂ ਦੀ ਗਤੀ ਤੋਂ ਬੇ-ਖ਼ਬਰ
ਮਨ ਦੀ ਵੇਦਨਾ ਤੋਂ ਦੂਰ ਹੋਇਆ
ਬਨਾਵਟੀਪਨ ਦੀ ਚਕਾਚੌਂਧ
ਰੌਸ਼ਨੀ ਅੰਦਰ ਆਪਣੀ ਸੰਵੇਦਨਾ ਨੂੰ
ਮੂਰਛਿਤ ਕਰੀ ਬੈਠਾ ਹੈ ।

ਦਰਿਆ ਕਿਨਾਰੇ ਤੁਰਦਿਆਂ
ਮਿੱਤਰ ਨੇ ਚੁੱਪ ਤੋੜੀ ।
●●●

(ਲੈਂਖਰੁਪ, ਕੈਲੀਫੋਰਨੀਆਂ, ਅਗਸਤ 2012)

## ਚਿੜੀਆਂ

ਫ਼ਜਰ ਵੇਲੇ ਚਿੜੀਆ ਚਹਿਕਣ
ਰੁੱਖਾਂ ਦੀਆਂ ਵਿਰਲਾਂ ਥਾਣੀ ,
ਮਾਖਿਓਂ ਮਿੱਠੀ ਬੋਲੀ ਬੋਲਣ
ਕੰਨੀਂ ਘੋਲਣ ਬਾਣੀ ।

ਖੋੜਾਂ ਵਿੱਚੋਂ ਨਵ-ਜੰਮੇ ਬੋਟ
ਲਾਲ - ਗੁਲਾਬੀ ਚੁੰਝਾਂ ਖੋਲ੍ਹਣ ,
ਆਲ੍ਹਣਿਆਂ 'ਚੋਂ ਬਾਹਰ ਝਾਕਣ
ਰਿਜ਼ਕ ਦਾ ਦਾਣਾ ਟੋ੍ਲਣ ।

ਕਈ ਚਿੜੀਆਂ ਨੇ ਖੰਭ ਤੋਲ ਲਏ
ਉੱਡਣ ਦੇ ਲਈ ਕਰੀ ਤਿਆਰੀ ,
ਬੱਦਲ , ਬਿਜਲੀ ਗਰਜਣ ਤੋਂ ਪਹਿਲਾਂ
ਅੰਬਰ ਵੱਲ ਨੂੰ ਭਰੀ ਉਡਾਰੀ ।

ਬਾਜ਼ ਸਮੇਂ ਦੇ ਸਿਰ ਮੰਡਰਾਉਂਦੇ
ਸਾਜ਼ਿਸ਼ ਰਚਦੇ , ਆਲ੍ਹਣੇ ਢਾਉਂਦੇ ,
ਚਿੜੀਆਂ ਦੇ ਝੁੰਡ 'ਕੱਠੇ ਹੋ ਕੇ
ਬਾਜ਼ਾਂ ਤਾਈਂ ਦੂਰ ਭਜਾਉਂਦੇ ।

ਹਰ ਆਫ਼ਤ ਨੂੰ ਸਿਰ 'ਤੇ ਝੱਲ ਕੇ
ਫਿਰ ਵੀ ਉਡਦੀਆਂ ਜਾਣ ਅਡੋਲ ,
ਅੱਗ ਦਾ ਜੰਗਲ ਲੰਘ ਜਾਵਣ
ਇਹ ਚਿੜੀਆਂ ਅਣਭੋਲ ।

●●●

(ਗਰੇਨ ਕਨੇਰੀਆ, ਸਪੇਨ, 20 ਸਤੰਬਰ 2021)

## ਕਰਬਲਾ

ਇਹ ਸ਼ਹਿਰ ਹੁਣ ਬਣ ਗਿਆ ਹੈ ਕਰਬਲਾ
ਕਤਲਗਾਹ ਇਸ ਦੀ ਹਰ ਗਲੀ ਹੈ ,
ਪ੍ਰਭਾਤ ਇਹਦੀ ਪੀਲੀ – ਭੂਕ ਦਿਸ ਰਹੀ
ਫਿਰ ਕਿਸੇ ਇਨਸਾਨ ਦੀ ਚਿਤਾ ਜਲੀ ਹੈ ।

ਮਜ਼ਹਬ ਤੇ ਸਿਆਸਤ ਗੁੱਥਮ–ਗੁੱਥਾ ਹੋ ਗਏ
ਮਾਨਵ ਦੀ ਝੋਲੀ ਹੰਝੂਆਂ ਨਾਲ ਭਰ ਗਈ ,
ਸੀਤ – ਪੌਣ ਲਹੂ ਰੰਗੀ ਜਾਪਦੀ
ਕਿਸ ਨੇ ਦਿੱਤੀ ਮਾਸੂਮ ਦੀ ਫਿਰ ਬਲੀ ਹੈ ।

ਰਾਉਣ ਸਮੇਂ ਦਾ ਸਾਜ਼ਿਸ਼ਾਂ ਘੜ ਰਿਹਾ
ਅਬਲਾ ਦੀ ਸਰ–ਏ–ਬਾਜ਼ਾਰ ਪੱਤ ਲੁੱਟੀ ਜਾਂਵਦੀ ,
ਮਹਿੰਦੀ ਵਾਲੇ ਹੱਥ ਜਦ ਉਠਨ ਇਨਸਾਫ਼ ਲਈ
ਸ਼ਾਮ ਉਦੋਂ ਸ਼ੋਖ਼ ਰੰਗਾਂ ’ਚ ਢਲੀ ਹੈ ।

ਦਸਤਕਾਰੀ , ਮਜ਼ਦੂਰ ਤੇ ਕਿਰਸਾਨ ਦੀ
ਦਿਨ ਦੀਵੀ ਸੰਘੀ ਘੁੱਟੀ ਜਾ ਰਹੀ ,
ਫੁੱਲਾਂ ਜੇਹੀ ਹਯਾਤੀ , ਕਾਫ਼ਿਰ ਕੋਂਹਵਦੇ
ਮਹਿਕ ਦਾ ਮਾਤਮ ਮਨਾਉਂਦੀ ਹਰ ਕਲੀ ਹੈ ।

ਸਿਰਾਂ ਦੇ ਮੁੱਲ ਦਾ, ਫਿਰ ਇਤਿਹਾਸ ਦੁਹਰਾਈ ਜਾ ਰਹੇ
ਵਸਦੇ ਰਸਦੇ ਘਰ ਦੰਗਾਈ ਜਲਾਈ ਜਾ ਰਹੇ ,
ਚਾਰੇ ਪਾਸੇ 'ਨ੍ਹੇਰ ਕੁਫ਼ਰ ਦਾ ਮੱਚਿਆ
ਸ਼ਰ੍ਹਾ ਦੇ ਫ਼ਤਵਿਆਂ, ਰੂਹ ਮਾਨਵ ਦੀ ਛਲੀ ਹੈ ।

ਬਾਲੜੀ ਦੇ ਮੂੰਹ 'ਚ ਵੀ ਅੱਕ ਚੋਇਆ ਜਾ ਰਿਹਾ
ਜਿਊਂਣ ਦਾ ਵੀ ਓਸ ਤੋਂ ਹੱਕ ਖੋਹਿਆ ਜਾ ਰਿਹਾ ,
ਜ਼ਿੰਦਗੀ ਨੂੰ ਮੌਤ ਮਣਸਣ ਵਾਲੜੇ
ਕਾਫ਼ਿਰਾਂ ਦੀ ਭੀੜ ਗੰਗਾ ਨਹਾਉਣ ਚਲੀ ਹੈ ।

ਚੋਰ ਬਾਜ਼ਾਰੀ ਹੈ ਥਾਂ ਥਾਂ ਨੱਚਦੀ
ਅੱਜ ਦਾਗੀ ਜਾ ਰਹੀ ਹੈ ਜੀਭ ਸੱਚ ਦੀ ,
ਪਿਆਰ ਦੀ ਬੋਲੀ ਏ ਹਾਕਮ ਭੁੱਲਿਆ
ਨਸ਼ੇ 'ਚ ਧੁੱਤ ਬੈਠਾ ਸਮੇਂ ਦਾ ਵਲੀ ਹੈ ।
●●●

## ਬੂੰਦ

ਸਾਗਰ ਨਾਲ਼ੋਂ ਵਿੱਛੜੀ ਹੋਈ
ਮੈਂ ਅਵਾਰਾ ਬੂੰਦ ਨਿਮਾਣੀ ,
ਨਾ ਮੈਂ ਥਲ ਦੀ ਪਿਆਸ ਬੁਝਾਈ
ਨਾ ਪੱਥਰ 'ਤੇ ਟਿਕਿਆ ਪਾਣੀ ।

ਮਨ - ਤੱਕਲੇ ਨੂੰ ਵਲ਼ ਨੇ ਛੱਤੀ
ਕੌਣ ਲੁਹਾਰ ਲਗਾਵੇ ਸਾਣੀ ,
ਕੱਤਣਾ , ਤੁੰਬਣਾ ਮੁਸ਼ਕਿਲ ਹੋਇਆ
ਉੱਖੜੀ ਚਰਖ਼ੀ , ਉਲਝੀ ਤਾਣੀ ।

ਮੈਂ ਪੈਰਾਂ ਦੀ ਖ਼ਾਕ ਹਾਂ ਤੇਰੀ
ਨਾਲ ਨਿਭਾਂਗੀ ਮੜ੍ਹੀ-ਮਸਾਣੀਂ ,
ਤੂੰ ਵਿਧਵਾ ਦੀ ਬਾਤ ਨਾ ਪੁੱਛੀ
ਇਸ ਜੋਗਣ ਦੀ ਕਦਰ ਨਾ ਜਾਣੀ ।

ਤੁਰ ਗਏ ਪੂਰ ਮੁਹੱਬਤਾਂ ਵਾਲੇ
ਨਾਇਕ , ਪੁਰਖੇ, ਮੇਰੇ ਹਾਣੀ ,
ਐਸਾ ਵਿੱਛੜੇ ਪੱਤਣ ਉੱਤੋਂ
ਖਿਲਰ ਗਈ ਸੱਜਣਾ ਦੀ ਢਾਣੀ ।

ਤੜਕਸਾਰ ਮੈਂ ਸੁਫ਼ਨਾ ਡਿੱਠਾ
ਸਿਰ ਉੱਤੋਂ ਦੀ ਲੰਘੇ ਪਾਣੀ ,
ਲੋਕੀਂ ਲੱਗੇ ਜ਼ਹਿਰਾਂ ਵੰਡਣ
ਰਾਮ-ਰਾਜ ਦੀ ਅਜਬ ਕਹਾਣੀ

●●●

(ਨੂਸਾ ਡੂਆ, ਇੰਡੋਨੇਸ਼ੀਆ, 19 ਜੂਨ 2019)

# ਗੀਤ ਜਦੋਂ ਲਿਖਦਾਂ

ਮੈਂ ਗੀਤ ਜਦੋਂ ਵੀ ਲਿਖਦਾ ਹਾਂ
ਕੋਈ ਅਜਬ ਕਹਾਣੀ ਕਹਿੰਦਾ ਹਾਂ ,
ਗੱਲ ਅਬਲਾ ਦੀ ਜਦ ਸੁਣਦਾ ਹਾਂ
ਮੈਂ ਉਸ ਦੀ ਪੀੜ ਵੀ ਸਹਿੰਦਾ ਹਾਂ ।

ਖ਼ਬਰਾਂ ਜੋ ਛਪਣ ਅਖ਼ਬਾਰਾਂ ਵਿੱਚ
ਕਤਲ , ਡਾਕੇ , ਬਲਾਤਕਾਰ ਦੀਆਂ ,
ਇਨਸਾਫ਼ ਲਈ ਜੰਤਾ ਵਿਲਕ ਰਹੀ
ਬਦਨੀਤਾਂ ਵੇਖ ਸਰਕਾਰ ਦੀਆਂ ,
ਕੋਈ ਫਾਹਾ ਲੈ ਜਦ ਮਰਦਾ
ਮੈਂ ਉਸ ਦੀ ਸੱਥ ’ਚ ਬਹਿੰਦਾ ਹਾਂ ।

ਬੱਚਿਆਂ ਦੇ ਬਚਪਨ ਗੁੰਮ ਹੋਏ
ਕੋਈ ਖੇਡ – ਖਿਡੌਣਾ ਬਚਿਆ ਨਹੀਂ ,
ਲਾਸ਼ਾਂ ਦੇ ਅੰਬਾਰਾਂ ਨੂੰ
ਤਕ ਰੋਣਾ ਧੋਣਾ ਰੁਕਿਆ ਨਹੀਂ ,
ਮਾਸੂਮਾਂ ਦੇ ਜ਼ਖ਼ਮੀ ਖ਼ਾਬ ਵੇਖ
ਮੈਂ ਜਬਰ ਨਾਲ ਵੀ ਖਹਿੰਦਾ ਹਾਂ ।

ਅਸੀਂ ਬਾਰ – ਪਰਾਏ ਰਹਿ ਕੇ ਵੀ
ਬਸ, ਅੱਗ ਦਾ ਵਣਜ ਕਮਾਇਆ ਹੈ ,
ਸਾਹਾਂ 'ਚੋਂ ਖ਼ੁਸ਼ਬੋ ਹੈ ਮੋਈ
ਅਸਾਂ ਮੁਹਰਾ ਹੋਠੀਂ ਲਾਇਆ ਹੈ ,
ਸਿਰ ਕੱਫ਼ਣ ਬੰਨ੍ਹ ਕੇ ਤੁਰਦੇ ਹਾਂ
ਸਾਡੇ ਕਾਤਿਲ ਪਿੱਛੇ ਰਹਿੰਦਾ ਹੈ ।

ਅੱਖੀਆਂ ਬਸ, ਅੱਡੀਆਂ ਰਹਿ ਜਾਵਣ
ਜਦ ਨਸਲੀ ਵਾਰ ਕੋਈ ਕਰਦਾ ਹੈ ,
ਕਾਨੂੰਨ ਵੀ ਚਿੱਟਾ ਹੱਸ ਪੈਂਦਾ
ਚਿੱਟੇ ਦੀ ਹਾਮੀ ਭਰਦਾ ਹੈ ,
ਮਿੱਟੀ ਦੀ ਢੇਰੀ ਬਣ ਜਾਂਦਾ
ਜਦ ਮਹਿਲ ਅਣਖ ਦਾ ਢਹਿੰਦਾ ਹੈ ।

ਨਿੱਤ ਸ਼ਾਮ ਸਵੇਰੇ ਸੁੱਖ ਮੰਗੀਏ
ਮਾਨਵ ਦੇ ਸੁੱਚੇ ਜੀਵਨ ਦੀ ,
ਪਗੜੀ ਦੀ ਲਾਜ ਬਚਾਵਣ ਲਈ
ਧੋ ਦਈਏ ਦਾਗ਼ ਸੁਜੀਵਨ ਲਈ ,
ਬਸ ਏਹੋ ਗੱਲ ਪੁਗਾਵਣ ਲਈ
ਨਿੱਤ ਝੋਰਾ ਦਿਲ ਨੂੰ ਰਹਿੰਦਾ ਹੈ ।

●●●

## ਚੀਸ ਬਾਵਰੀ

ਚੀਸ ਹਵਾ ਵਿੱਚ ਫਿਰੇ ਬਾਵਰੀ
ਕੇਰੇ ਬੁੱਕ ਬੁੱਕ ਨੀਰ ,
ਬੱਦਲ ਬਣ ਕੇ ਗ਼ਮ ਫਿਰਦੇ ਹਨ
ਬੁੱਤਾਂ ਵਾਂਗ ਸਰੀਰ ।

ਚੰਦਰਮਾ ਤਨ ਆਪਣੇ ਉੱਤੇ
ਝੱਲੇ ਧੁੱਪ ਦਾ ਸੇਕ ,
ਫਿਰ ਚਾਨਣ ਦੀ ਜੂਨ ਹੰਢਾਵੇ
ਸੂਰਜ ਦੀ ਤਸਵੀਰ ।

ਅੰਬਰ ਦੇ ਖੇਤਾਂ ਵਿੱਚ ਕਿਸ ਨੇ
ਤਾਰੇ ਦਿੱਤੇ ਬੀਜ ,
ਕਿਸ ਨੇ ਬੁੱਧ , ਸ਼ੁੱਕਰ ਦੇ ਪੈਰੀਂ
ਪਾਈ ਹੈ ਜ਼ੰਜੀਰ ।

ਕੁਦਰਤ ਦੀ ਜੂਹ ਵਿੱਚ ਦਿਸਦੇ ਹਨ
ਕੁੱਝ ਅਪੂਰਨ ਰੰਗ ,
ਜੇ ਪੂਰੇ ਤੱਕਣ ਦੀ ਚਾਹ ਹੈ
ਮਾਰ ਜਿਗਰ ਵਿੱਚ ਤੀਰ ।

ਲੰਮੀ ਔੜ ਉਦਾਸੀ ਪਿੱਛੋਂ
ਵਸਲਾਂ ਦੇ ਪਲ ਮਾਣ ,
ਵੰਡ ਆਪਣਾ ਦਿਲ ਖੋਲ੍ਹ ਕੇ ਸ਼ਾਇਰਾ
ਉਲਫ਼ਤ ਦੀ ਜਾਗੀਰ !

●●●

(ਨਿਗਰਲ , ਜੇਮੀਕਾ 05-04-2022)

## ਚੋਰ ਬਜ਼ਾਰੀ

ਨੱਚੇ ਚੋਰ ਬਜ਼ਾਰੀ ਥਾਂ ਥਾਂ
ਹਾਲਤ ਡਾਵਾਂ ਡੋਲ ਜਿਹੇ ,
ਰਿਸ਼ਤੇ , ਪਿਆਰ-ਮੁਹੱਬਤ ਭੁੱਲੇ
ਰਸਮੀਂ ਵੱਜਣ ਢੋਲ ਜਿਹੇ ।

ਮਾਨਵ ਦੇ ਅੰਗ ਥਾਂ ਥਾਂ ਖਿਲਰੇ
ਧਰਤੀ ਲਹੂ ਲੁਹਾਨ ਏ ਹੋਈ ,
ਬਾਰੂਦਾਂ ਦੇ ਨਵੇਂ ਤਜ਼ਰਬੇ
ਵਰ੍ਹਦੇ ਗੋਲ਼ੇ ਗੋਲ਼ ਜਿਹੇ ।

ਘੱਟ ਤੋਲਣ ਤੇ ਬਹੁਤਾ ਬੋਲਣ
ਨੇਤਾ ਸਾਡੇ ਏਦਾਂ ਦੇ ਹਨ ,
ਪੰਸਾਰੀ ਦੀ ਤੱਕੜੀ ਨੂੰ ਵੀ
ਏਥੇ ਪੈਂਦੇ ਝੋਲ ਜਿਹੇ ।

ਕਿੱਦਾਂ ਜਿੱਤਣ ਬਾਜ਼ੀ ਲੋਕੀਂ
ਕੁੱਤੀ ਚੋਰਾਂ ਨਾਲ ਰਲੀ ਹੈ ,
ਸੱਤੀ ਵੀਹੀਂ ਸੌ ਡਾਹਢੇ ਦਾ
ਕਰਦੇ ਰੋਲ-ਘਚੋਲ ਜਿਹੇ ।

ਸ਼ਾਇਰ ਕਲਮਾਂ ਵਾਲੇ ਜਿੱਥੇ
ਪਾਣੀ ਭਰਦੇ ਡਾਹਢੇ ਦਾ,
ਸ਼ੇਰਾਂ ਦੀ ਖੱਲ ਪਾ ਕੇ ਬੁਕੱਣ
ਅੰਦਰ ਐਪਰ ਖੋਲ ਜਿਹੇ ।

ਜੇਕਰ ਇਸ਼ਕ 'ਚ ਕਾਮਿਲ ਨਾ ਤੂੰ
ਐਂਵੇ ਇਸ ਨੂੰ ਛੇੜੀ ਨਾ ,
ਗ਼ਮ ਨੂੰ ਕੋਲ ਬਹਾ ਕੇ ਮਿੱਤਰਾਂ
ਦਿਲ ਨੂੰ ਪੈਣੇ ਹੌਲ ਜਿਹੇ ।

ਜੀਵਨ ਦੇ ਸ਼ਮਸ਼ਾਨ ਘਾਟ ਵੱਲ
ਆਪੇ ਤੁਰਦੇ ਜਾਂਦੇ ਹਾਂ ,
ਮੈਂ ਇੱਕ ਸ਼ਾਇਰ ਗੱਲ ਹਾਂ ਕਰਦਾ
ਆ ਕੇ ਲੋਕਾਂ ਕੋਲ ਜਿਹੇ ।
●●●

## ਗਗਨ ਪੰਖੇਰੂ

ਹਵਾ ਵਾਂਗੂੰ ਉੱਡਣਾ ਚਾਹਾਂ
ਵਾਂਗ ਨਦੀ ਦੇ ਵਗਣਾ ,
ਮੈਂ ਚਾਹੁੰਦਾ ਹਾਂ ਮਹਿਕਾਂ ਵਾਂਗੂੰ
ਵਿੱਚ ਫਜ਼ਾ ਜੇ ਘੁਲਣਾ ।

ਜਿਸ ਮਿੱਟੀ ਵਿੱਚ ਮਿਕਨਾਤੀਸੀ
ਵਿਗਸਣ ਸਾਡੇ ਸੁਪਨੇ ,
ਬਹੁ - ਨੁਕਰੀ ਗੁਲਚੀਨੀ ਵਰਗਾ
ਸੱਚ ਦਾ ਅੰਕੁਰ ਫੁਟਣਾ ।

ਅੰਧਕਾਰ ਤੋਂ ਚਾਨਣ ਵੱਲ ਦਾ
ਪੰਧ ਲੰਮੇਰਾ ਭਾਵੇਂ ,
ਮਸਤਕ ਵਿੱਚ ਜਿਹਨਾਂ ਦੇ ਸੂਰਜ
ਉਹਨਾਂ ਜਗਮਗ ਜਗਣਾ ।

ਦਿੱਤੀ ਮੌਤ ਮਾਹਾਂਮਾਰੀ ਨੇ
ਜਿਊਣ ਕਲਾ ਗੁੰਮ ਹੋਈ ,
ਬੂਹੇ ਬੰਦ ਘਰਾਂ ਦੇ ਹੋਏ
ਮੁਸ਼ਕਿਲ ਜੂਹਾਂ ਲੰਘਣਾ ।

ਗਗਨ ਪੰਖੇਰੂ ਏਦਾਂ ਦੇਖਣ
ਧਰਤੀ ਉੱਤੇ ਕਿੱਲਾਂ ,
ਜਾਲ਼ ਉਡਾ ਕੇ ਨਾਲ ਇਹਨਾਂ ਨੂੰ
ਹੁਣ ਪੈਣਾ ਹੈ ਉਡਣਾ ।

ਇਸ ਯੁੱਗ ਵਿੱਚ ਹੈ ਝੂਠ ਸਲਾਮਤ
ਸੱਚ ਨੂੰ ਮਿਲਦੀ ਸੂਲੀ ,
ਮੌਤ ਦਾ ਮੁਜਰਾ ਮੈਂ ਜੋ ਦੇਖਾਂ
ਮਰ ਕੇ ਵੀ ਨਾ ਭੁੱਲਣਾ ।

ਕੂੜ - ਭੂਕਾਨੇ ਹਨ ਅਸਮਾਨੀ
ਅੰਤ ਇਹਨਾਂ ਨੇ ਡਿਗਣਾ ,
ਤਾਜ ਸਿਰਾਂ ਦੇ ਉੱਤੇ ਨੇ ਜੋ
ਉਹਨਾਂ ਮਿੱਟੀ ਰੁਲਣਾ ।
•••

## ਈਦ ਮੁਬਾਰਕ

ਦਿਲ ਨੇ ਰੋਜ ਨਮਾਜ਼ਾਂ ਪੜ੍ਹ ਕੇ
ਦਿਲ ਦਾ ਹੁਜਰਾ ਧੋਇਆ ,
ਈਦ ਮੁਬਾਰਿਕ ਕਿਸ ਨੂੰ ਆਖਾਂ
ਚੰਨ ਪ੍ਰਦੇਸੀ ਹੋਇਆ ।

ਅੱਖੀਆਂ ਮੀਚ ਕੇ ਰਸ ਕੀ ਲੈਂਦੇ
ਨੀਂਦਰ ਸੁਪਨਾ ਹੋਈ ,
ਸੁਰਤੀ ਵਿੱਚ ਤਾਂ ਭੰਗ ਭੁਜਦੀ ਹੈ
ਵਿਲਕ ਰਹੀ ਅਰਜ਼ੋਈ ।

ਸੈਅ ਸੈਅ ਵਰ੍ਹਿਆਂ ਦਾ ਇਕ ਰੋਜ਼ਾ
ਸਾਡੇ ਲੇਖੀਂ ਆਇਆ ,
ਚਿੱਤੋ ਪਹਿਰੀਂ ਗ਼ਮ ਪੀਤੇ ਹਨ
ਫਿਰ ਵੀ ਮਨ ਤ੍ਰਿਹਾਇਆ ।

ਇਸ਼ਕ ਤੇਰੇ ਦੀ ਫੜ ਕੇ ਉਂਗਲ
ਪੈਂਡਾ ਖੋਟਾ ਕੀਤਾ ,
ਕਿੰਨੀਆਂ ਈਦਾਂ ਤੁਰ ਗਈਆਂ
ਮੈਂ ਘੁੱਟ ਸਬਰ ਦਾ ਪੀਤਾ ।

ਤੇਰੀ ਹਰਫ਼ਗਿਰੀ ਨੇ ਸਾਨੂੰ
ਸਜਦਾਰੇਜ਼ ਸਿਖਾਇਆ ,
ਤੇਰੀ ਰਹਿਮਤ, ਫ਼ਿਤਨਾਗਰ ਨੂੰ
ਮੁਰਸ਼ਦ ਦੇ ਲੜ ਲਾਇਆ ।

ਓਦੋਂ ਈਦ ਅਸਾਡੀ
ਕੋਲ ਜੇ ਵਸਲਾਂ ਦਾ ਚੰਨ ਹੋਵੇ ,
ਅਪਣੀ ਬੁੱਕਲ ਵਿੱਚ ਛੁਪਾ ਕੇ
ਦਿਲ ਦੇ ਬੂਹੇ ਢੋਵੇ ।

ਈਦ ਮੁਬਾਰਿਕ ਫਿਰ
ਜੇ ਹੋਵੇ ਸਾਹਾਂ ਵਿੱਚ ਕਸਤੂਰੀ ,
ਇਸ਼ਕ ਤੇ ਹੁਸਨ ਵਿਚਾਲੇ ਜੇਕਰ
ਮਿੱਟ ਜਾਵੇ ਇਹ ਦੂਰੀ ।
●●●

# ਕੁਦਰਤ

ਕੁਦਰਤ ਦੀ ਗੁਲਕਾਰੀ ਅੰਦਰ
ਜਾਗ ਪਿਆ ਸੰਸਾਰ ,
ਮੋਰ , ਪਪੀਹੇ ਬੋਲਦੇ
ਫ਼ਸਲਾਂ ਦੇ ਵਿਚਕਾਰ ।

ਦੇਖ ਕੇ ਮੰਜ਼ਰ ਢਹਿ ਗਈ
'ਮੈਂ ਮੈਂ' ਦੀ ਦੀਵਾਰ ,
ਆਪ ਮੁਹਾਰੇ ਨਿਕਲ਼ਿਆ
ਮੂੰਹ 'ਚੋਂ ਇਕ ਓਂਕਾਰ ।

ਫਲ਼ , ਫੁੱਲ , ਪੱਤੇ ਰੇਸ਼ਮੀ
ਰੁੱਖਾਂ ਦੇ ਸ਼ਿੰਗਾਰ ,
ਮੈਂ ਖੇਤਾਂ ਦੇ ਹੁਸਨ ਤੋਂ
ਵਾਰਾਂ ਸੁਰਗ ਹਜ਼ਾਰ ।

ਰਿਮਝਿਮ ਰਿਮਝਿਮ ਮੇਘਲਾ
ਅੰਮ੍ਰਿਤ ਵਾਂਗ ਫ਼ੁਹਾਰ ,
ਜਿਹੜਾ ਤੱਕੇ ਓਸ ਨੂੰ
ਦਿੰਦਾ ਚਾੜ੍ਹ ਖ਼ੁਮਾਰ ।

ਰੁੱਖਾਂ ਗਲ਼ ਵਿੱਚ ਪਾ ਲਏ
ਇਉਂ ਵੇਲਾਂ ਦੇ ਹਾਰ ,
ਹੁਸਨ ਪਰੀ ਜਿਉਂ ਨਿੱਠ ਕੇ
ਕਰਦੀ ਹੈ ਸ਼ਿੰਗਾਰ ।

ਕੁਦਰਤ ਦੇ ਇਸ ਰੂਪ ਤੋਂ
ਮੈਂ ਜਾਵਾਂ ਬਲਿਹਾਰ ,
ਸਾਂਈਆਂ, ਤੇਰੀ ਧਰਤ ’ਤੇ
ਖਿੜੀ ਰਹੇ ਗੁਲਜ਼ਾਰ ।

ਬੰਦਿਆ , ਧਰਤੀ ਮਾਂ ਜੇਹਾ
ਹੈ ਨਾ ਕਿੱਧਰੇ ਪਿਆਰ ,
ਪਾ ਕੁਦਰਤ ਸੰਗ ਦੋਸਤੀ
ਛੱਡ ਫ਼ਾਨੀ ਸੰਸਾਰ !

●●●

(ਉਬਟ, ਇੰਡੋਨੇਸ਼ੀਆ, 8 ਜੂਨ 2019)

## ਸੱਜਣ ਜੀ

ਕਿੱਧਰ ਜਾਈਏ , ਪੀੜ ਹਿਜਰ ਦੀ
ਸਾਡੇ ਦਿਲ ਨੂੰ ਖਾਵੇ ,
ਬੀਤ ਗਏ ਯੁੱਗ , ਪਰ ਨਾ ਕੋਈ
ਦਿਲ ਦਾ ਦਰਦ ਵੰਡਾਵੇ ,
ਨੈਣ ਮਮੋਲੇ ਰੋ ਰੋ ਥੱਕੇ
ਸਾਗਰ ਬਣ ਗਏ ਕੋਏ ,
ਸੱਜਣ ਜੀ, ਅਸੀਂ ਚੇਤੇ ਕਰਕੇ
ਯਾਦ ਤੇਰੀ 'ਚ ਰੋਏ ।

ਲੱਖ ਸਮਝਾਇਆ ਦਿਲ ਚੰਦਰੇ ਨੂੰ
ਇਸ਼ਕ ਦੇ ਰਾਹ ਨਾ ਤੁਰਨਾ ,
ਮੁਸ਼ਕਿਲ ਮੁੜਨਾ ਜਿਹੜੇ ਤੁਰ ਪਏ
ਜੀਵਨ ਭਰ ਦਾ ਝੁਰਨਾ ,
ਚੰਗਾ ਹੈ ਤੂੰ ਘਰ ਨੂੰ ਵਾਪਸ
ਆ ਜਾ ਲੋਏ ਲੋਏ ,
ਸੱਜਣ ਜੀ, ਅਸੀਂ ਚੇਤੇ ਕਰਕੇ
ਯਾਦ ਤੇਰੀ 'ਚ ਰੋਏ ।

ਸੋਹਲ ਜੇਹੀ ਇਸ ਜਿੰਦ ਨੂੰ ਅੜਿਆ
ਦਿੱਤੇ ਦਰਦ ਵਿਛੌਣੇ ,
ਜਿਹੜੇ ਤੇਰੇ ਨਾਲ ਬਿਤਾਏ
ਮੁੜ ਕੇ ਦਿਨ ਨਾ ਆਉਣੇ ,
ਸਾਡਾ ਤਨ-ਮਨ ਲੁਟ ਕੇ ,
ਕਿੱਥੇ ਜਾ ਬੈਠੀ ਖ਼ੁਸ਼ਬੋਏ ,
ਸੱਜਣ ਜੀ, ਅਸੀਂ ਚੇਤੇ ਕਰਕੇ
ਯਾਦ ਤੇਰੀ 'ਚ ਰੋਏ ।

ਜਿੰਦ, ਸਾਗਰ ਵਿੱਚ ਗੋਤੇ ਖਾਵੇ
ਹਾਲੇ ਦੂਰ ਕਿਨਾਰਾ ,
ਦਿਲ ਦੀ ਬਸਤੀ ਖੰਡਰ ਹੋਈ
ਦੇਵੇ ਕੌਣ ਸਹਾਰਾ ,
ਲਗਦ ਹੈ ਮਰ ਕੇ ਹੀ ਆਪਾਂ
ਮਿਲ ਸਕਦੇ ਹਾਂ ਦੋਏ ,
ਸੱਜਣ ਜੀ, ਅਸੀਂ ਚੇਤੇ ਕਰਕੇ
ਯਾਦ ਤੇਰੀ 'ਚ ਰੋਏ ।

ਤੇਰੇ ਬਾਝੋਂ ਦੱਸ ਜਾ ਮੈਨੂੰ
ਦੇਵੇ ਕੌਣ ਸਹਾਰੇ ,
ਦਿਨ ਨੂੰ ਸੂਰਜ ਖ਼ੌਫ਼ ਜਿਹਾ
ਤੇ ਰਾਤ ਡਰਾਉਂਦੇ ਤਾਰੇ ,
ਦੇ ਕੇ ਤੁਰ ਗਿਉਂ ਦਿਲ ਮੇਰੇ ਨੂੰ
ਵੱਡੇ ਵੱਡੇ ਟੋਏ ,
ਸੱਜਣ ਜੀ, ਅਸੀਂ ਚੇਤੇ ਕਰਕੇ
ਯਾਦ ਤੇਰੀ 'ਚ ਰੋਏ ।

●●●

## ਬੁੱਤ

ਹਾਂ !
ਇਹ ਓਹੀ ਬੁੱਤ ਹੈ !!
ਜਿਸ ਦੀ ਚਰਚਾ
ਹਰ ਸੈਲਾਨੀ ਦੇ ਹੋਠਾਂ 'ਤੇ ਆਮ ਹੈ ।

ਬੁੱਤ ਨੂੰ ਦੇਖਣ, ਸਪਰਸ਼ ਤੋਂ ਬਾਅਦ
ਹਰ ਇੱਕ ਦੇ ਮੂੰਹੋਂ ਨਿਕਲਦੇ ।

'ਸੁਬਹਾਨ ਅੱਲ੍ਹਾ , ਸੁਬਾਹਾਨ ਅੱਲ੍ਹਾ'!

ਜੀ ਕਰਦੈ
ਉਸ ਮੁਸੱਵਰ ਦੇ ਹੱਥ ਚੁੰਮਾ ਲਾਂ ਮੈਂ ,
ਜਿਸ ਨੇ ਪੱਥਰ 'ਚ ਰੂਹ ਫੂਕ ਦਿੱਤੀ ਏ ।

ਜਿਸ ਨੇ ਤੈਨੂੰ ਤਰਾਸ਼ਿਆ
ਤੇਰੇ ਗੁਲਬਦਨ ਦੀ ਛੋਹ ,
ਭਰ ਦਿੰਦੀ ਮਹਿਕ
"ਉਬਟ" ਦੇ ਘਣੇ ਜੰਗਲ ਅੰਦਰ ।

ਵਣਤ੍ਰਿਣ ਨਸ਼ਿਆ ਜਾਂਦਾ ਹੈ
ਰੂਹ 'ਚ , ਗੁਲਕੰਦ ਵਰਗੇ
ਰੁੱਖਾਂ ਦੀਆਂ ਪੱਤੀਆ ਨੂੰ ਚੱਖ ਕੇ ।

ਤੇਰੀਆਂ ਸ਼ਾਹ-ਕਾਲ਼ੀਆਂ ਜ਼ੁਲਫ਼ਾਂ
ਘਟਾਵਾਂ ਦਾ ਪਾ ਭੁਲੇਖਾ ,
ਮੇਘਲਾ ਬਰਸ ਪੈਂਦਾ ਹੈ
ਇਸ ਘਣੇ ਜੰਗਲ ਦੇ ਉਰਾਰ-ਪਾਰ ।

ਵਹਿ ਤੁਰਦੀ ਹੈ
ਕਾਵਿ-ਗੰਗਾ
ਕਵੀਆਂ ਦੇ ਧੁਰ ਮਸਤਕ ਅੰਦਰ ,

ਝੂਮ ਉਠਦਾ ਹੈ ਦਿਲ
ਤੇਰੇ ਹੱਥਾਂ ਵਿੱਚ ਫੜੀ
ਵੀਣਾ ਦੇ ਤਾਨ ਅੰਦਰ ।

ਤੇਰੀ ਭਾਲ 'ਚ
ਹਰ ਮੁਸਾਫ਼ਿਰ ਭਟਕਦਾ
ਆਖ਼ਰ ਪਹੁੰਚ ਹੀ ਜਾਂਦੈ
'ਉਬਟ' ਦੇ ਘਣੇ ਜੰਗਲ 'ਚ
ਕਿਸੇ ਕਵੀ ਦੀ ਤਰ੍ਹਾਂ ।
●●●

(ਉਬਟ, ਇੰਡੋਨੇਸ਼ੀਆ 'ਚ ਜਗ੍ਹਾ ਹੈ, ਸ਼ਹਿਰ ਹੈ, 10 ਜੂਨ 2019)

## ਮਾਤਮ

ਹੱਥਾਂ ਦੇ ਵਿੱਚ ਕਾਲੇ ਝੰਡੇ
ਕਿਸ ਦਾ ਮਾਤਮ ਕਰਦੇ ਲੋਕ ,
ਰੁੱਤ ਨਵੀਂ ਦੀ ਆਸ ਬਣੇ ਹਨ
ਗਰਮੀ-ਸਰਦੀ ਜਰਦੇ ਲੋਕ ।

ਖ਼ੂਨ ਵਹਾਇਆ, ਸਿਰ ਵੀ ਦਿੱਤੇ
ਮੁੱਲ ਨਾ ਪਾਇਆ ਤਖ਼ਤਾਂ ਨੇ ,
ਅੱਜ ਤੋਂ ਪਹਿਲਾਂ ਵੀ ਮਰਦੇ ਸੀ
ਹੁਣ ਵੀ ਭੁੱਖੇ ਮਰਦੇ ਲੋਕ ।

ਰਸਤੇ ਦੇ ਵਿੱਚ ਕਿੱਲ ਗੱਡੇ ਤੂੰ
ਤਾਰ ਵਿਛਾਈ ਕੰਡਿਆਂ ਦੀ ,
ਤੂੰ ਜਿਹੜੇ ਬੇਗਾਨੇ ਸਮਝੇ
ਉਹ ਸੀ ਮੇਰੇ ਘਰ ਦੇ ਲੋਕ ।

ਕੁਫ਼ਰ ਬੈਠਿਆ ਗੱਦੀ ਉੱਤੇ
ਪਹਿਰੇਦਾਰ ਬਣੇ ਜ਼ਾਲਮ ,
ਸੜਕਾਂ ਉੱਤੇ ਨੰਗੇ ਪੈਰੀਂ
ਮੋਢੇ ਲਾਸ਼ਾਂ ਧਰਦੇ ਲੋਕ ।

ਨ੍ਹੇਰੇ ਦੀ ਉਸਤਿਤ ਵਿੱਚ ਜੁਟੀਆਂ
ਵੇਖਾਂ ਕਲਮਾਂ ਸਰਕਾਰੀ ,
ਅਪਣੇ ਖ਼ੂਨ ਦੇ ਦੀਪ ਜਗਾ ਕੇ
ਵਿਰਲੇ ਚਾਨਣ ਕਰਦੇ ਲੋਕ ।

●●●

## ਤਾਰਿਓ ਵੇ ਤਾਰਿਓ

ਤਾਰਿਓ ਵੇ ਤਾਰਿਓ
ਰੌਸ਼ਨੀ ਖਿਲਾਰਿਓ
ਜਾਣਾ ਦਿਸ ਹੱਦਿਆਂ ਤੋਂ ਪਾਰ ।

ਧਰਤੀ ਦੇ ਚੱਪੇ ਚੱਪੇ
ਛੱਟਾ ਮਾਰੋ ਚਾਨਣੀ ਦਾ
ਸਾਹਾਂ ਵਿੱਚ ਘੋਲ਼ਿਓ ਖ਼ੁਮਾਰ ।

ਸਾਂਝ ਇਹ ਮਨੁੱਖਤਾ ਦੀ
ਬਣੀ ਰਹੇ ਯੁੱਗਾਂ ਤੀਕ
ਰੋਜ਼ ਨਵੀਂ ਦੇਖੀਏ ਨੁਹਾਰ ।

ਚੀਰੋ ਵੇ ਹਨੇਰਿਆਂ ਨੂੰ
ਰੱਥ ਭੇਜੋ ਚੇਤਨਾ ਦਾ
ਦੇਖੀਏ ਨਾ ਗਰਦੋ-ਗ਼ਬਾਰ ।

ਰੁੱਤਾਂ ਮੱਟ-ਮੈਲੀਆਂ ਨੇ
ਮੌਸਮ ਦੀ ਦਗ਼ੇਬਾਜ਼ੀ
ਹੋਵੇ ਨਾ ਮਨੁੱਖਤਾ ਦੀ ਹਾਰ ।

ਮੇਲੇ ਰਹਿਣ ਹੁਸਨਾਂ ਦੇ
ਫੁੱਲਾਂ 'ਤੇ ਸਰੂਰ ਰਹੇ
ਤਿੱਖ਼ੀ ਰਹੇ ਕਜਲੇ ਦੀ ਧਾਰ ।

ਯੁੱਗ ਯੁੱਗ ਜੀਓ ਤੁਸੀਂ
ਤਾਰਿਓ ਆਕਾਸ਼ ਦਿਓ
ਜਿੰਦ ਸਾਡੀ ਤੁਸਾਂ 'ਤੇ ਨਿਸਾਰ ।
●●●

(ਦੁਬਾਈ, 27 ਨਵੰਬਰ 2017)

# ਐਲਾਨ

ਦਾਰ 'ਤੇ ਚੜ੍ਹ ਕੇ ਐਲਾਨਿਆ ਮਨਸੂਰ ਨੇ
ਦਰਦ ਬਾਝੋਂ ਜ਼ਿੰਦਗੀ ਸ਼ਮਸਾਨ ਹੈ ,
ਓਸ ਨੂੰ ਹੱਕ ਜੀਣ ਦਾ ਕੋਈ ਨਹੀਂ
ਦੀਨ ਹੈ ਜਿਸ ਦਾ ਤੇ ਨਾ ਈਮਾਨ ਹੈ ।

ਚੱਲ ਦਿਲਾ ਆਪਾਂ ਤਿਆਰੀ ਕੱਸੀਏ
ਅਪਣੇ ਲੰਮੇ ਸਫ਼ਰ ਦੇ ਵਾਸਤੇ ,
ਅਪਣੇ ਮੋਢੇ 'ਤੇ ਟਕਾ ਲੈ ਸੂਲੀਆਂ
ਹੁਣ ਸ਼ੱਗ੍ਹਾ ਦਾ ਫ਼ੈਸਲਾ ਪਰਵਾਨ ਹੈ ।

ਸ਼ਹਿਰ ਅੰਦਰ ਕਿਉਂ ਹੰਗਾਮੇ ਹੋ ਰਹੇ
ਕੌਣ ਜ਼ਹਿਰਾਂ ਵੇਚ ਕੇ ਮੁੱਲ ਵੱਟਦੈ ,
ਕਿਸ ਜਗ੍ਹਾ ਲਾਸ਼ਾਂ ਨੂੰ ਦਫ਼ਨਾਈਏ ਅਸੀਂ
ਏਸ ਹੀ ਮੁਸ਼ਕਿਲ 'ਚ ਹਰ ਸ਼ਮਸ਼ਾਨ ਹੈ ।

ਡੁੱਲ੍ਹਿਆ ਜਿੱਥੇ ਲਹੂ ਮਾਸੂਮ ਦਾ
ਉਸ ਜਗ੍ਹਾ ਚੰਨ, ਤਾਰਿਆਂ ਨੇ ਉਗਣੈ ,
ਫ਼ੈਲ ਜਾਵੇਗੀ, ਬਗ਼ਾਵਤ ਹਰ ਜਗ੍ਹਾ
ਇਹ ਸਮੇਂ ਦੇ ਸੱਚ ਦਾ ਐਲਾਨ ਹੈ ।

ਸਿਰਜਣਾ ਅਕਾਸ਼ਗੰਗਾ ਹੁਣ ਨਹੀਂ
ਕਾਫ਼ਿਰੋ, ਹੋਵੋ ਇਕੱਠੇ ਇਕ ਜਗ੍ਹਾ,
ਏਸ ਵਿੱਚ ਹਰਿਆਲੀਆ ਪੈਦਾ ਕਰੋ
ਬਾਗ਼ ਸਾਡਾ ਆਪਣਾ ਵੀਰਾਨ ਹੈ ।
•••

## ਅੰਮ੍ਰਿਤ ਵੇਲਾ

ਅੰਮ੍ਰਿਤ ਵੇਲਾ
ਰੁੱਖਾਂ ਵਿੱਚੋਂ ਲੰਘਦੀ ਪੌਣ
ਨਦੀ ਦੀ ਕਲ਼ ਕਲ਼
ਚਹਿਕਦੇ ਪੰਛੀਆਂ ਦੀ ਡਾਰ।

ਖ਼ਜੂਰਾਂ ਦੇ ਲੰਮ-ਸਲੰਮੇ
ਰੁੱਖਾਂ ਵਿੱਚ ਦੀ
ਸੁਨਹਿਰੀ ਕਿਰਨਾਂ ਦੀ ਆਮਦ
ਸੂਰਜ ਦੇ ਉਦੈ ਹੋਣ ਦਾ ਸੰਕੇਤ ਹੈ ।

ਰੁਮਕਦੀ ਹਵਾ ਨਾਲ
ਤੁਲਸੀ ਦੇ ਮਹਾਂਖ਼ੇਤਰ 'ਚੋਂ ਆਉਂਦੀ ਸੁਗੰਧ
ਫ਼ਜ਼ਾ ਵਿੱਚ ਫੈਲ ਗਈ ਹੈ ।

ਸ਼ਾਂਤ ਵਾਤਾਵਰਨ ’ਚ
ਦੂਰ........ਕਿੱਤੋਂ
ਸੁਣਾਈ ਦਿੰਦੀ ਹੈ
ਮੋਹ ਦੇ ਮੋਰਾਂ ਦੀ ਆਵਾਜ਼।

ਘੁੱਗੀ ਦੀ ਘੂੰ ਘੂੰ
ਸਹਿਜ - ਅਡੋਲਤਾ, ਤ੍ਰਬਕ ਗਈ ਹੈ
ਛਿਪਕਲੀ ਦੇ
ਸੁੱਕੇ ਪੱਤਿਆਂ ’ਤੇ
ਦੌੜਨ ਦੀ ਖੜ ਖੜ ਨਾਲ !

ਫਿਰ ਛਾ ਗਈ ਹੈ
ਚੁਫੇਰੇ ਚੁੱਪ-ਚਾਂ
ਜਿਵੇਂ ਕੋਈ ਦਰਵੇਸ
ਭਿੱਖਿਆ ਦੀ ਇੰਤਜ਼ਾਰ ’ਚ
ਅਡੋਲ ਖੜ੍ਹਾ ਹੋਵੇ
ਕਿਸੇ ਸਖੀ ਦੇ ਦਰ ’ਤੇ।

ਜਾਂ ਫਿਰ
ਕੁਦਰਤ ਸੁੰਨ-ਸਮਾਧੀ ਅੰਦਰ
ਕਰ ਰਹੀ ਹੋਵੇ ਜਾਪ
“ਗਰੇਨ ਕਨੇਰਿਆ” ਦੇ
ਸਮੁੰਦਰ ਨਾਲ ਘਿਰੇ ਟਾਪੂ ਅੰਦਰ
ਅੰਮ੍ਰਿਤ ਵੇਲੇ।
●●●

(ਗਰੇਨ ਕਨੇਰਿਆ, ਸਪੇਨ, 22 ਸਤੰਬਰ 2021)

# ਗੀਤ

ਮੇਰੇ ਪਿੰਡ ਦੇ ਨੇ ਲੋਕ ਖ਼ੁਦਾ ਵਰਗੇ ।
ਕਿਸੇ ਰਮਲੇ ਫ਼ਕੀਰ ਦੀ ਦੁਆ ਵਰਗੇ ।

ਜਦੋਂ ਪਿੰਡ ਦੀਆਂ ਨਾਰਾਂ
ਪਾਉਂਣ ਚਾਟੀ 'ਚ ਮਧਾਣੀ ,
ਲੈ ਕੇ ਚੁੰਨੀ ਸਿਰ ਉੱਤੇ
ਨਾਲੇ ਪੜ੍ਹਦੀਆਂ ਬਾਣੀ ,
ਦਿਲ ਸੱਚੇ ਸੁੱਚੇ ਇਹਨਾਂ ਦੇ ਅਦਾ ਵਰਗੇ
ਕਿਸੇ ਰਮਲੇ ਫ਼ਕੀਰ ਦੀ ਦੁਆ ਵਰਗੇ ।

ਪਾਉਣ ਜਦੋਂ ਮੁਟਿਆਰਾਂ
ਫੁੱਲਕਾਰੀ ਉੱਤੇ ਮੋਰ ,
ਛਣਕਾਉਂਣ ਉਹ ਬਹਾਨੇ ਨਾਲ
ਝਾਂਜਰਾਂ ਦੇ ਬੋਰ ,
ਚਿਹਰੇ ਲਗਦੇ ਨੇ ਇਨ੍ਹਾਂ ਦੇ ਵਫ਼ਾ ਵਰਗੇ
ਕਿਸੇ ਰਮਲੇ ਫ਼ਕੀਰ ਦੀ ਦੁਆ ਵਰਗੇ ।

ਮੇਰਾ ਰੰਗਲਾ ਪੰਜਾਬ
ਜਿਵੇਂ ਮੋਤੀਆ , ਗੁਲਾਬ ,
ਇਹਦੀ ਪੌਣ ਵਿੱਚੋਂ ਸੁਣੇ
ਮੈਨੂੰ ਵੱਜਦੀ ਰਬਾਬ ,
ਰੁੱਤਾਂ ਇਹਦੀਆਂ ਨੇ ਰੰਗ ਵੀ ਦਵਾ ਵਰਗੇ
ਕਿਸੇ ਰਮਲੇ ਫ਼ਕੀਰ ਦੀ ਦੁਆ ਵਰਗੇ ।

ਰਹਿਣੀ ਸਾਦਗੀ ਇਨ੍ਹਾਂ ਦੀ
ਅਤੇ ਕਿਰਤਾਂ ਈਮਾਨ ,
ਤਦੇ ਦੁਨੀਆਂ 'ਚ ਰਹਿੰਦੇ
ਇਹਦੇ ਝੂਲਦੇ ਨਿਸ਼ਾਨ ,
ਇੱਥੇ ਰਹਿਣ ਵਾਲੇ ਲੋਕ ਨੇ ਖ਼ੁਦਾ ਵਰਗੇ ।
ਕਿਸੇ ਰਮਲੇ ਫ਼ਕੀਰ ਦੀ ਦੁਆ ਵਰਗੇ ।

ਇਹਦੇ ਬਾਲ ਮੈਨੂੰ ਜਾਪਦੇ ਨੇ
ਨਿੱਕੇ ਨਿੱਕੇ ਤਾਰੇ ,
ਧੀਆਂ ਇਹਦੀਆਂ ਨੇ
ਜਗ 'ਚ ਮੈਦਾਨ ਬੜੇ ਮਾਰੇ ,
ਸਾਡੇ ਪੁਰਖੇ ਸੀ ਸੰਦਲੀ ਹਵਾ ਵਰਗੇ
ਕਿਸੇ ਰਮਲੇ ਫ਼ਕੀਰ ਦੀ ਦੁਆ ਵਰਗੇ ।
●●●

## ਸਾਵਣ

(ਕਰੋਨਾ-ਕਾਲ ਵਿੱਚ ਆਇਆ ਸਾਵਣ)

ਕਿੱਧਰ ਗਏ ਦਿਨ ਤੀਆਂ ਵਰਗੇ,
ਮਾਵਾਂ ਵਰਗੇ, ਧੀਆਂ ਵਰਗੇ ,
ਪਿੰਡ ਦੇ ਬੋਹੜ ਉਦਾਸ ਖੜ੍ਹੇ ਨੇ
ਸੱਥਾਂ ਵਿੱਚ ਹੈ ਮਾਤਮ ਛਾਇਆ ,
ਇਹ ਕਿੱਦਾਂ ਦਾ ਸਾਵਣ ਆਇਆ ।

ਖ਼ੂਨ 'ਚ ਭਿਜੀਆਂ ਵਗਣ ਹਵਾਵਾਂ
ਚਾਰੇ ਪਾਸੇ ਬਲਣ ਚਿਤਾਵਾਂ ,
ਸਮੇਂ ਦਾ ਪਹੀਆ ਪੁੱਠਾ ਘੁੰਮੇ
ਦੁਨੀਆਂ 'ਤੇ ਹੈ ਕਿਸ ਦਾ ਸਾਇਆ ,
ਇਹ ਕਿੱਦਾਂ ਦਾ ਸਾਵਣ ਆਇਆ ।

ਪੀਂਘ ਚੜ੍ਹਾਉਣ ਨੂੰ ਜੀਅ ਕਰਦਾ ਹੈ
ਕਿੱਕਲੀ ਪਾਉਣ ਨੂੰ ਜੀਅ ਕਰਦਾ ਹੈ ,
ਰਿਮਝਿਮ , ਰਿਮਝਿਮ ਬਾਰਸ਼ ਬਰਸੇ
ਰੋਮ ਰੋਮ ਮੇਰਾ ਤ੍ਰਿਹਰਾਇਆ ,
ਇਹ ਕਿੱਦਾਂ ਦਾ ਸਾਵਣ ਆਇਆ ।

ਕਿੱਦਾਂ ਕੌੜਾ ਸੱਚ ਸੁਣਾਵਾਂ
ਨਿੱਤ ਘਟਦੀਆਂ ਦੁਰ-ਘਟਨਾਵਾਂ ,
ਕਿਰਤੀ , ਕਾਮਾ ਮਰਦਾ ਹੈ ਨਿੱਤ
ਨਿੱਤ ਮਰਦਾ ਖੇਤਾਂ ਦਾ ਜਾਇਆ ,
ਇਹ ਕਿੱਦਾਂ ਦਾ ਸਾਵਣ ਆਇਆ ।

ਚਾਰੇ ਪਾਸੇ ਫਿਰਦੀ ਚੰਡੀ
ਰੰਗ – ਨਸਲ ਵਿੱਚ ਦੁਨੀਆਂ ਵੰਡੀ ,
ਮੁਸ਼ਕਿਲ ਹੋਇਆ ਜੀਵਨ ਜੀਣਾ
ਹੁਣ ਨਾ ਜਾਵੇ ਵਕਤ ਲੰਘਾਇਆ ,
ਇਹ ਕਿੱਦਾਂ ਦਾ ਸਾਵਣ ਆਇਆ ।

ਸੱਭਿਅਤਾ ਦੇ ਸਿਰ ਫੁਲਕਾਰੀ
ਨਾਨਕ , ਬੁੱਲੇ ਨੇ ਸ਼ਿੰਗਾਰੀ ,
ਮਿੱਟੀ ਵਿੱਚ ਮਿਲਾ ਦਿੱਤਾ ਹੈ
ਆਪਾਂ ਨੇ ਅਪਣਾ ਸਰਮਾਇਆ ,
ਇਹ ਕਿੱਦਾਂ ਦਾ ਸਾਵਣ ਆਇਆ ।

ਆਓ ਆਪਾਂ ਪੱਗ ਵਟਾਈਏ
ਇਕ ਦੂਜੇ ਦੀ ਖ਼ੈਰ ਮਨਾਈਏ ,
ਜਾਈਏ ਮਾਂ-ਬੋਲੀ ਤੋਂ ਸਦਕੇ
ਜਿਸ ਨੇ ਸਾਨੂੰ ਲਾਡ ਲਡਾਇਆ ,
ਇਹ ਕਿੱਦਾਂ ਦਾ ਸਾਵਣ ਆਇਆ ।
●●●

## ਨਿਗਰਲ

ਤੂੰ ਪੁੰਨਿਆਂ ਦੇ ਚਾਨਣ ਵਰਗੀ
ਮੈਂ ਹਾਂ ਤੇਰਾ ਸਾਇਆ ,
ਇੱਕ ਪਾਗਲ ਜੁਗਨੂੰ
ਸੂਰਜ ਦੇ ਪਿੱਛੇ ਪਿੱਛੇ ਆਇਆ ।

ਤੇਰੇ ਭਾਣੇ ਵਿੱਚ ਵਰਤਦੀ
ਪਵਨ , ਬਸੰਤਰ , ਕਾਇਆ ,
ਤੂੰ ਕੁਦਰਤ ਦੀ ਕੋਈ ਅਪਸਰਾ
ਮੈਂ ਆਦਮ ਦਾ ਜਾਇਆ ।

ਨਵ-ਕਿਰਨਾਂ ਵਿੱਚ ਨਕਸ਼ ਸੁਨਹਿਰੀ
ਅੰਗ ਅੰਗ ਰੁਸ਼ਨਾਇਆ ,
ਹੁਸਨ ਤੇਰੇ ਨੇ ਬੌਰੀ ਕੀਤੀ
ਖ਼ਾਲਿਦ , ਖ਼ਲਕਤ , ਮਾਇਆ ।

ਸਿਖਰ ਦੁਪਹਿਰੇ ਦਗ਼ਦਾ ਸੂਰਜ
ਕਣ ਕਣ ਨੂੰ ਗਰਮਾਇਆ ,
ਫਿਰ ਵੀ ਤੇਰੀ ਹਰਿਆਵਲ ਨੇ
ਠੰਡਕ ਨੂੰ ਵਰਤਾਇਆ ।

ਚੰਨ ਚੜ੍ਹਦਾ ਜਦ ਰਾਤੀਂ
ਚਾਨਣ ਹੁੰਦਾ ਦੂਣ-ਸਵਾਇਆ ,
ਅਤਰ ਫੁਲੇਲਾਂ ਵਾਂਗੂੰ ਮਹਿਕੇ
ਕੁਦਰਤ ਦਾ ਸਰਮਾਇਆ ।

ਐ 'ਨਿਗਰਲ' ਦੀ ਵਾਦੀ
ਤੂੰ ਹੈ ਹਰ ਇਕ ਨੂੰ ਭਰਮਾਇਆ ,
ਤੇਰੀ ਗੋਦ 'ਚ ਸਾਗਰ
ਸਭ ਦਾ ਦਿਲ ਤੇਰੇ 'ਤੇ ਆਇਆ ।
●●●

(ਨਿਗਰਲ, ਜੇਮੀਕਾ ਦੇਸ ਦਾ ਸਮੁੰਦਰ ਕੰਢੇ ਵਸਿਆ ਸ਼ਹਿਰ ਹੈ।
2 ਅਪ੍ਰੈਲ 2022)

## ਮਾਂ ਬੋਲੀ ਪੰਜਾਬੀ

ਮਹਾਂ ਸ਼ਕਤੀ , ਕਲਾ ਦੀ ਦੇਵੀ
ਅਪਣੀ ਮਹਿਕ ਖਿਲਾਰ ਦੀ ,
ਮੇਰੀ ਮਾਂ ਪੰਜਾਬੀ ਬੋਲੀ
ਸੁੱਖ ਮੰਗੇ ਪਰਿਵਾਰ ਦੀ ।

ਏਹੋ ਹੀ ਪਹਿਚਾਨ ਹੈ ਮੇਰੀ
ਮਜ਼ਹਬ , ਦੀਨ-ਈਮਾਨ ਹੈ ਮੇਰੀ
ਇਹਦੀ ਉਮਰ ਵਡੇਰੀ ਹੋਵੇ
ਗੱਲ ਕਰੇ ਸਤਿਕਾਰ ਦੀ ।

ਲੋਰੀਆਂ ਦਈਏ ਪੰਜਾਬੀ ਵਿੱਚ
ਸਾਹ ਵੀ ਲਈਏ ਪੰਜਾਬੀ ਵਿੱਚ ,
ਵੰਡੇ ਮੋਹ ਤੇ ਪਿਆਰ ਜਗਤ ਨੂੰ
ਛੱਡ ਕੇ ਗੱਲ ਤਕਰਾਰ ਦੀ ।

ਰਾਓਣ ਸਮੇਂ ਦਾ ਰਾਹ ਪਿਆ ਰੋਕੇ
ਛੱਡ ਹਰਿਆਲੀ , ਚਾਹਵੇ ਸੋਕੇ ,
ਇਹ ਸਤਵੰਤੀ , ਸ਼ਾਨਾਮੱਤੀ
ਬਾਤ ਸੁਣਾਵੇ ਪਿਆਰ ਦੀ ।

ਇਹ ਸਾਡੇ ਸਿਰ ਦੀ ਫੁੱਲਕਾਰੀ
ਬਾਹੂ , ਬੁਲ੍ਹੇ ਨੇ ਸ਼ਿੰਗਾਰੀ ,
ਬਾਬੇ ਨਾਨਕ ਦੀ ਏ ਬਾਣੀ
ਤਪਦੇ ਸੀਨੇ ਠਾਰ ਦੀ ।

ਦੇਖੀਂ ਤੂੰ ਪੰਜਾਬੀ ਵੀਰਾ
ਇਸ ਦਾ ਟੁੱਟ ਨਾ ਜਾਏ ਕਲੀਰਾ ,
'ਸੱਗੂ' ਸ਼ਾਇਰ ਸੱਚ ਕਹਿੰਦਾ,
ਪਟਰਾਣੀ ਹੈ ਸੰਸਾਰ ਦੀ ।
●●●

## ਮ੍ਰਿਗ-ਤ੍ਰਿਸ਼ਨਾ

ਅੱਖੀਆਂ ਨਿੱਤ ਕੱਟਣ ਜਗਰਾਤੇ
ਮੇਰਾ ਚੈਨ ਹਲਾਲ ਵੇ ,
ਸਭ ਸਖੀਆਂ ਦੇ ਹਾਣੀ ਆਏ
ਤੇਰਾ ਮੇਲ ਮੁਹਾਲ ਵੇ ।

ਚੋਰ ਸਮੇਂ ਦਾ ਛਲ਼ ਕੇ ਲੈ ਗਿਆ
ਮੇਰੇ ਮਨ ਦਾ ਲਾਲ ਵੇ ,
ਰੀਝਾਂ ਦੇ ਪਲ ਕੈਦੀ ਹੋਏ
ਜੀਵਨ ਬਣਿਆ ਜਾਲ ਵੇ ।

ਮ੍ਰਿਗ – ਤ੍ਰਿਸ਼ਨਾ ਫਿਰ ਵੀ ਕਾਇਮ
ਸਾਗਰ ਲਏ ਹੰਗਾਲ ਵੇ ,
ਤੇਰੇ ਗ਼ਮ ਵਿੱਚ ਬੇਸੁੱਧ ਹੋਈ
ਹਿਰਨੀ ਵਰਗੀ ਚਾਲ ਵੇ ।

ਸੋਚ ਨਵੀਂ ਦਾ ਪਹਿਨਿਆ ਜਾਮਾ
ਦਿਲ ਅੰਦਰੋਂ ਕੰਗਾਲ ਵੇ ,
ਸੱਤ – ਸਮੁੰਦਰ ਲੰਘੇ ਨੇ ਮੈਂ
ਮਿਲਿਆ ਨਾ ਲੱਜਪਾਲ ਵੇ ।

ਅੱਖ – ਮਚੋਲੀ ਖੇਡ ਰਹੀ ਹੈ
ਹੋਣੀ ਸਾਡੇ ਨਾਲ ਵੇ ,
ਜੇ ਕਰ ਸੱਜਣ ਆ ਜਾਵੇ ਤੂੰ
ਪਾਵਾਂ ਨੱਚ ਧਮਾਲ ਵੇ ।
●●●

## ਵਿਛੜੀ ਲਹਿਰ

ਖ਼ੌਲਦੇ ਸਮੁੰਦਰ ਨੇ ਪੁੱਛਿਆ:

ਤੇਰਾ ਕੀ ਰਿਸ਼ਤਾ ਏ ਮੇਰੇ ਨਾਲ ,
ਤੂੰ ਇੱਕ ਕਿਨਾਰੇ ’ਤੇ
ਅਜ਼ਲ ਤੋਂ
ਅੱਖੀਂ ਸੁਪਨਾ ਸਮੋਈ
ਅਡੋਲ , ਬੇਹਰਕਤ ਪਈ ਏਂ ,

ਆਹ ਦੇਖ !
ਸਮੁੰਦਰ ’ਚੋਂ ਉਠਦੀਆਂ ਲਹਿਰਾਂ ਵੱਲ
ਕਿਵੇਂ ਆਪਣਾ ਸਿਰ
ਪੱਥਰਾਂ ਸੰਗ ,
ਵਾਰ ਵਾਰ ਪਟਕਦੀਆਂ ਨੇ ,
ਆਜ਼ਾਦ ਹੋਣਾ ਲੋਚਦੀਆਂ ਨੇ ।

ਵਿੱਛੜੀ ਲਹਿਰ ਨੇ ਕਿਹਾ:
ਮੈਂ ਵੀ ਇਹਨਾਂ ਵਾਂਗ
ਮੂੰਹ ਜ਼ੋਰ ਸਾਂ ਕਦੇ ,
ਜੋ ਕਿਨਾਰੇ ਤੋੜ ਜੁਦਾ ਹੋਈ ਹਾਂ

ਐ ਸਮੁੰਦਰ !

ਮੈਂ ਜਾਣ ਗਈ ਹਾਂ
ਤੇਰੇ ਬਗੈਰ
ਮੇਰੀ ਹੋਂਦ ਕੁੱਝ ਵੀ ਨਹੀਂ ,

ਤੂੰ ਆ ਕੇ ਮੈਨੂੰ ਆਪਣੀ ਬੁੱਕਲ 'ਚ ਸਮੇਟ ਲੈ
ਮੈਂ ਤੇਰੇ ਵਿੱਚ ਅਭੇਦ ਹੋਣਾ ਲੋਚਦੀ ਹਾਂ
ਮੈਂ ਤੇਰਾ ਰੂਪ ਹੋਣਾ ਸੋਚਦੀ ਹੈ ।
●●●

(ਪੁਕੱਟ, ਥਾਈਲੈਂਡ)

## ਤ੍ਰੈਕਾਲ

ਬ੍ਰਹਿਮੰਡ ਵਿੱਚ ਤ੍ਰੈਕਾਲ ਕੂਕਦੇ
ਨਾ ਕਿਧਰੇ ਵੀ ਤਾਰਾ ਦਿਸਦੈ ,
ਚੰਦਰਮਾ ਵੀ ਗੁਮ – ਸੁਮ ਹੋਇਆ
ਬਸ, ਹੁਣ ਨ੍ਹੇਰ ਪਸਾਰਾ ਦਿਸਦੈ ।

ਸਾਂਝਾਂ ਨੂੰ ਜਿਉਂ ਦੰਦਲ ਪੈ ਗਈ
ਨਿੱਘ ਤੇ ਮੋਹ ਖੰਭ ਲਾ ਉੱਡੇ ,
ਰੇਜ਼ਾ ਰੇਜ਼ਾ ਹੋਂਦ ਮਨੁੱਖੀ
ਹੱਡੀਂ ਰਚਿਆ ਪਾਰਾ ਦਿਸਦੈ ।

ਨਿੱਤ ਰੀਝਾਂ ਦੀ ਅਰਥੀ ਉੱਠੇ
ਵੈਣ ਸੁਣੀਂਦੇ ਸੰਧਿਆ ਵੇਲੇ ,
ਕਾਲ–ਅਕਾਲ ਦੀ ਸੀਮਾ ਅੰਦਰ
ਝੂਠਾ ਜਗਤ ਖਿਲਾਰਾ ਦਿਸਦੈ ।

ਰੋਜ਼ ਸਿਆਸਤ ਵਾਲਾ ਮੁਜਰਾ
ਹੱਦਾਂ ਬੰਨੇ ਟੱਪ ਰਿਹਾ ਏ ,
ਚਾੜ੍ਹੇ ਚੰਦ ਨਵਾਂ ਇਹ ਕੋਈ
ਇਸ ਦਾ ਰੋਜ਼ ਹੀ ਕਾਰਾ ਦਿਸਦੈ ।

ਇਸ ਨਗਰੀ ਦੀਆਂ ਜੂਹਾਂ ਅੰਦਰ
ਖ਼ਾਮੋਸ਼ੀ ਤੇ ਤਨਹਾਈ ਏ ,
ਕਿੱਧਰ ਤੁਰ ਗਏ ਲੋਕ ਨਗਰ ਦੇ
ਨਾ ਕਿੱਧਰੇ ਹਰਕਾਰਾ ਦਿਸਦੈ ।

ਸੱਚ ਦੱਸਾਂ ਤਾਂ, ਇਸ ਦੇ ਉੱਤੋਂ
ਸਭ ਕੁੱਝ ਗ਼ਾਇਬ ਹੋ ਚੁੱਕਾ ਏ ,
ਅੰਬਰ ਉੱਤੇ ਅਜ ਕਲ੍ਹ ਇਕ ਬਸ
ਬੋਦੀ ਵਾਲਾ ਤਾਰਾ ਦਿਸਦੈ ।

ਅੱਖਾਂ ਤੋਂ ਓਝਲ ਹੈ ਜਿਹੜਾ
ਉਸ ਬਾਰੇ ਅਨੁਮਾਨ ਲਗਾ ਨਾ ,
ਹਲਕਾ ਵੀ ਹੋ ਸਕਦੈ ਸ਼ਾਇਰਾ
ਜੋ ਕੁੱਝ ਤੈਨੂੰ ਭਾਰਾ ਦਿਸਦੈ ।
●●●

## ਜੰਗ

(ਯੂਕਰੇਨ ਅਤੇ ਰੂਸ ਦੀ ਜੰਗ ਦੇ ਨਾਂ)

ਫਿਰ ਚਿੜੀ ਨੇ ਬਾਜ਼ ਨੂੰ ਲਲਕਾਰਿਆ
ਜੰਗ ਦੀ ਇੱਛਾ ਵੀ ਕੁੰਭੀ ਪਾਪ ਹੈ ,
ਏਸ ਦੇ ਸਿੱਟੇ ਨਹੀਂ ਤੂੰ ਜਾਣਦਾ
ਜੰਗ ਵੈਣਾਂ ਦਾ ਹੀ ਬਸ ਆਲਾਪ ਹੈ ।

ਬੈਠਾ ਕੇ ਬਾਰੂਦ ’ਤੇ ਤੂੰ ਸੋਚਦੈਂ
ਦੂਰ ਮੈਥੋਂ ਕਬਰ ਤੇ ਸਮਸ਼ਾਨ ਹੈ ,
ਸਮਝਦੈਂ ਸਾਗਰ ਤੂੰ ਆਪਣੇ ਆਪ ਨੂੰ
ਦੇਖ ਕੇ ਇਹ ਬੁਲਬਲਾ ਹੈਰਾਨ ਹੈ ।

ਖ਼ੌਫ਼ ਦੇ ਬੱਦਲ ਨੇ ਦਿਸਦੇ ਹਰ ਤਰਫ਼
ਉਹ ਨਵੇਂ ਹਥਿਆਰ ਹਨ ਅਜ਼ਮਾ ਰਹੇ ,
ਹੁਣ ਕਿਸੇ ਸੰਜੀਵਨੀ ਦੀ ਲੋੜ ਹੈ
ਜ਼ਖ਼ਮ ਹਨ ਧਰਤੀ ਨੂੰ ਦਿੱਤੇ ਜਾ ਰਹੇ ।

ਜੰਗਬਾਜ਼ਾਂ ਨੂੰ ਤੁਸੀਂ ਹੁਣ ਕਹਿ ਦਿਓ
ਜ਼ੁਲਮ ਇਹ ਲੋਕੀਂ ਕਦੋਂ ਤਕ ਸਹਿਣਗੇ ,
ਇਉਂ ਰਿਹਾ ਤਾਂ ਆਦਮੀ ਦਿਸਣਾ ਨਹੀਂ
ਸਿਰਫ਼ ਪੱਥਰ ਧਰਤ ਉੱਤੇ ਰਹਿਣਗੇ ।

●●●

## ਕੋਰਾ ਸੱਚ

ਫਿਰਕਿਆਂ ਦੇ ਵਿੱਚ ਵੰਡੀ ਖ਼ਲਕਤ
ਦੀਨ ਨਾ ਪਾਇਆ ਪੱਲੇ ,
ਪੰਡਤ , ਭਾਈ , ਮੁੱਲਾਂ ਦੇਖੋ
ਲੜ ਲੜ ਮਰਦੇ ਝੱਲੇ ।

ਮੰਦਰ , ਮਸਜਦ ਦੇ ਝਗੜੇ ਨੇ
ਲੋਕਾਂ ਦੀ ਮੱਤ ਮਾਰੀ ,
ਹਿੰਦੂ , ਮੁਸਲਿਮ , ਸਿੱਖ , ਈਸਾਈ
ਬੈਠੇ 'ਕੱਲੇ 'ਕੱਲੇ ।

ਬੇਖ਼ੌਫ਼ੀ ਦਾ ਕਰੇ ਦਿਖਾਵਾ
ਮਾਨਵ ਓਦਾਂ ਡਰਦੈ ,
ਚੋਰ-ਉਚੱਕੇ , ਰਹਿਜ਼ਨ ਫਿਰਦੇ
ਗਲੀਆਂ ਦੇ ਵਿੱਚ ਦੱਲੇ ।

ਹਰ ਪਾਸੇ ਮੰਡਰਾਉਂਦੇ ਦੇਖਾਂ
ਜਿਸਮਾ ਦੇ ਵਿਉਪਾਰੀ ,
ਸ਼ਾਮ ਢਲ਼ੇ ਤਾਂ ਕਲੀਆਂ ਮਹਿਕਣ
ਪੌਣ ਸੁਹਾਣੀ ਚੱਲੇ ।

ਕੋਰਾ ਸੱਚ ਚੜ੍ਹਾ ਕੇ ਸੂਲੀ
ਨਫ਼ਰਤ ਦੇ ਵਣਜਾਰੇ ,
ਹੱਥਾਂ ਦੇ ਵਿੱਚ ਮਾਲਾ ਫੜ ਕੇ
ਗੰਗਾ ਨ੍ਹਾਵਣ ਚੱਲੇ ।

ਜਿਹਨਾਂ ਨੂੰ ਡਰ ਲਗਦਾ ਹੈ
ਉਹ ਢੋਂਦੇ ਰਹਿੰਦੇ ’ਨ੍ਹੇਰਾ ,
ਓਹੀ ਆਸ਼ਿਕ ਰਾਹ ਰੁਸ਼ਨਾਵਣ
ਨੂਰ ਜਿਨ੍ਹਾਂ ਦੇ ਪੱਲੇ ।
●●●

## ਇਸ਼ਕ ਦੇ ਕੰਮ ਅਵੱਲੇ

ਜਿਸ ਦਿਲ ਵਿੱਚ ਪਾਇਆ ਫੇਰਾ
ਉੱਥੋਂ ਅਕਲਾਂ ਚੁੱਕਿਆ ਡੇਰਾ ,
ਆਖੇ: ਤੂੰ ਮੇਰਾ , ਮੈਂ ਤੇਰਾ
ਇਹ ਕੱਖ ਨਾ ਛੱਡਦਾ ਪੱਲੇ ,
ਇਸ ਇਸ਼ਕ ਦੇ ਕੰਮ ਅਵੱਲੇ ।

ਇਹ ਤੜਫ਼ੇ ਤੇ ਤੜਫ਼ਾਵੇ
ਬੇਦਰਦਾ ਨਿੱਤ ਰੁਆਵੇ ,
ਨਾਲੇ ਨਿੰਮਾ ਨਿੰਮਾ ਹੱਸੇ
ਪੱਛ ਲਾਵੇ , ਸੀਨਾ ਸੱਲੇ ,
ਇਸ ਇਸ਼ਕ ਦੇ ਕੰਮ ਅਵੱਲੇ ।

ਨਾ ਛੁਪਦਾ ਕਦੇ ਛੁਪਾਇਆਂ
ਇਹ ਸਮਝੇ ਨਾ ਸਮਝਾਇਆਂ ,
ਇਹ ਕਰਦਾ ਜਿੰਦ ਨੂੰ ਬੌਰਾ
ਇਸ ਮੂਹਰੇ ਇਕ ਨਾ ਚੱਲੇ ,
ਇਸ ਇਸ਼ਕ ਦੇ ਕੰਮ ਅਵੱਲੇ ।

ਸਿਰ ਚੜ੍ਹ ਕੇ ਜਦ ਇਹ ਨੱਚੇ
ਸੀਨੇ ਵਿੱਚ ਭਾਂਬੜ ਮੱਚੇ ,
ਸਾਨੂੰ ਇਸ ਨੇ ਕਮਲੇ ਕੀਤਾ
ਅਸੀਂ ਨੱਚ ਨੱਚ ਹੋਏ ਝੱਲੇ ,
ਇਸ ਇਸ਼ਕ ਦੇ ਕੰਮ ਅਵੱਲੇ ।

ਹੁਣ ਪੜ੍ਹਨ ਪੜ੍ਹਾਉਣਾ ਮੁੱਕਿਆ
ਹੈ ਖ਼ੂਨ ਅਸਾਡਾ ਸੁੱਕਿਆ ,
ਸਾਹ ਰੁਕਿਆ ਰੁਕਿਆ ਲੱਗੇ
ਇਸ ਵਹਿਣ ਨੂੰ ਕਿਹੜਾ ਠੱਲ੍ਹੇ ,
ਇਸ ਇਸ਼ਕ ਦੇ ਕੰਮ ਅਵੱਲੇ ।

ਇਹ ਦਰਿਆਵਾਂ ਵਿੱਚ ਰੋੜ੍ਹੇ
ਤੇ ਥੱਲ ਅੰਦਰ ਦਮ ਤੋੜੇ ,
ਮੋੜੇ ਨਾ ਮੁੱਖ ਸੱਜਣ ਤੋਂ
ਕਰ ਦਿੰਦਾ ਝੱਲ-ਵਲੱਲੇ ,
ਇਸ ਇਸ਼ਕ ਦੇ ਕੰਮ ਅਵੱਲੇ ।

ਤੂੰ ਆ ਕਮਲੀ ਦਿਆ ਸਾਂਈਆਂ
"ਸੱਗੂ" ਦੀਆਂ ਹਾਲ ਦੁਹਾਈਆਂ ,
ਉਡ਼ ਨੀਂਦ ਗਈ ਹੈ ਉਸ ਦੀ ,
ਗ਼ਮ ਤੇਰਾ ਕਰਦਾ ਹੱਲੇ ,
ਇਸ ਇਸਕ ਦੇ ਕੰਮ ਅਵੱਲੇ।

●●●

(ਕੌਂਸਟਾ ਬਰਾਵਾ, ਸਪੇਨ 10,ਸਤੰਬਰ 2018 ਸਮੁੰਦਰ-ਕੰਢੇ ਉੱਚੀ ਪਹਾੜੀ 'ਤੇ ਸੁੰਦਰੀ ਦਾ ਬੁੱਤ ਲੱਗਿਆ ਹੈ। ਇਸ ਦੇ ਨਾਲ ਹੀ ਇਕ ਲੋਹੇ ਦਾ ਗੇਟ ਲਗਾਇਆ ਗਿਆ, ਜਿਥੇ ਨਵ-ਜੋੜੇ ਆ ਕੇ ਆਪਣੇ ਪਿਆਰ ਦਾ ਇਜ਼ਹਾਰ ਕਰਦੇ ਹਨ ਅਤੇ ਇਸ ਗੇਟ ਨੂੰ ਜਿੰਦਾ ਲਗਾਉਂਦੇ ਹਨ। ਜਿਹਨਾਂ ਦਾ ਇਸ਼ਕ ਪਰਵਾਨ ਚੜ੍ਹਦਾ ਹੈ, ਉਹ ਫਿਰ ਆ ਕੇ ਇਸ ਜਿੰਦੇ ਨੂੰ ਖੋਲ੍ਹਦੇ ਹਨ।)

## ਕਰੋਨਾ-ਉਨ੍ਹੀਂ

ਰੋਜ਼ਮੱਰਾ ਦੀ ਜ਼ਿੰਦਗੀ ’ਚ
ਕਰੋਨਾ-ਉਨ੍ਹੀਂ
ਮਹਾਂਮਾਰੀ ਦਾ ਸੰਕਟ

ਕ੍ਰਿਆਸ਼ੀਲਤਾ ਵਿੱਚ ਖੜੋਤ
ਤੀਬਰਤਾ ਦੇ ਮੱਥੇ
ਭਾਵਕਤਾ ,
ਅਹਿਸਾਸ ,

ਮਨੁੱਖ ਚੁਫ਼ੇਰੇ ਲਾਸ਼ਾਂ ਨਿਹਾਰ ਦਾ
ਸਮੇਂ ’ਚੋਂ ਸੱਚ ਨੂੰ ਭਾਲਦਾ ।

ਸਿਆਸਤ ਵਾਇਦੇ ਕਰਦੀ
ਪਰ ਆਪ ਘਪਲਿਆ ਨਾਲ
ਆਪਣਾ ਹੀ ਢਿੱਡ ਭਰਦੀ ,
ਵਿਕਾਊ-ਅਕਾਸ਼ਬਾਣੀ
ਸਰਕਾਰਾਂ ਦਾ ਪਾਣੀ ਭਰਦੀ ।

ਉਤੇਜਨਾ ਵਿੱਚ ਖੜੋਤ
ਬੇਰੁਜ਼ਗਾਰੀ
ਮਜ਼ਦੂਰਾਂ , ਕਿਰਸਾਨਾਂ
ਦੁਕਾਨਾਂ ਦੀ ਹਾਲਤ ਅਣਸੁਖਾਵੀਂ ,

ਅਜਨਬੀਅਤ ਦਾ ਅਹਿਸਾਸ ਹੈ
ਸੋਗਮਈ ਮਹੌਲ
ਜਜ਼ਬਾਤ , ਬੇਅਰਥ , ਬੇਮਾਇਨੇ ਜਾਪਦੇ ,
ਪਿਆਰ ਦੇ ਬੋਲ
ਸਪਰਸ਼ ਨੂੰ ਤਰਸਦੇ ,
ਮੋਹ ਦੇ ਰਿਸ਼ਤੇ
ਸਮਾਜਕ - ਦੂਰੀ ਦੀ ਆੜ 'ਚ
ਦਮ ਤੋੜ ਰਹੇ ਹਨ ।

ਅਣਸੁਖਾਵੇਂ ਮਾਹੌਲ ਅੰਦਰ
ਵਰਤਮਾਨ, ਭਵਿੱਖ
ਭੂਤਕਾਲ , ਤ੍ਰੈਕਾਲ
ਸਭ ਹੈਰਾਨ ਖੜ੍ਹੇ ,
ਕਿ ਕਰੋਨਾ ਛੜਯੰਤਰ ਨੂੰ
ਗਹੁ ਨਾਲ ਦੇਖ ਰਹੇ ਹਨ।
●●●

## ਸੂਫ਼ੀ

ਸਦਾਚਾਰ ਦੀ ਸਫ਼ 'ਤੇ ਬੈਠਾ
ਸੂਫ਼ੀ ਅਰਜ਼ ਕਰੇ ,
ਮੈਂ ਕਾਲਖ਼ ਦਾ ਵਣਜਾਰਾ
ਇਹ ਕਿਸ ਨੇ ਰੰਗ ਭਰੇ ।

ਸਾਹਾਂ ਵਿੱਚ ਦਮਾਮੇ ਵੱਜਣ
ਦਮ ਦਮ , ਹਰੇ ਹਰੇ ,
ਉਮਰਾਂ ਦੇ ਪਲ ਸੁਰਤੀ-ਮੰਡਲ
ਬੈਠ ਧਿਆਨ ਧਰੇ ।

ਜਿੰਦ ਵਿਰਾਗਣ, ਪੀੜਾ , ਵਿੰਨ੍ਹੀ
ਪਲ ਪਲ ਕਸ਼ਟ ਜਰੇ ,
ਆਪ ਸਹੇੜੀ ਸੂਲੀ ਚੁੰਮੇ
ਕਿਸ 'ਤੇ ਦੋਸ਼ ਧਰੇ।

ਮਰਨਾ , ਜੀਣਾ ਇਸ਼ਕ ਦੀ ਇੱਛਾ
ਮਨ ਕਿਉਂ ਫੇਰ ਡਰੇ ,
ਹਿਜਰਾਂ ਰੱਤੇ ਸਾਗਰ ਦੇ ਵਿੱਚ
ਆਸ਼ਿਕ ਕੌਣ ਤਰੇ ।

ਦਿਲ ’ਤੇ ਪੱਥਰ ਸਬਰਾਂ ਵਾਲੇ
ਖ਼ੰਜਰ ਖਰੇ ਖਰੇ ,
ਅੱਲ੍ਹਾ-ਪਾਕ ਅਸੀਸਾਂ ਦੇਵੇ
ਖ਼ੁਸ਼ੀਆਂ ਰਹਿਣ ਘਰੇ ।

ਬੋਲ ਫ਼ਕੀਰੀ ਫ਼ੱਕਰ ਬੋਲੇ
ਮਿੱਠਾ ਸ਼ਹਿਦ ਭਰੇ ,
ਹਰ ਪਾਸੇ ਖ਼ੁਸ਼ਬੋਈ ਫ਼ੈਲੇ
ਸੁੱਕੇ ਖੇਤ ਹਰੇ ।

ਇਸ਼ਕ ਹਕੀਕੀ ਦੇਵੇ ਮਾਲਿਕ
ਸੁਪਨੇ ਰੰਗ ਭਰੇ ,
ਇਸ਼ਕ ਮਜਾਜ਼ੀ ਤੜਪਣ ਦੇਵੇ
ਆਸ਼ਿਕ ਰਹਿਣ ਠਰੇ ।
●●●

## ਪਰਵਾਸੀ ਕੂੰਜਾਂ

ਪਾਕ-ਪਵਿੱਤਰ ਅੰਬਰ ਉੱਤੇ
ਕੂੰਜਾਂ ਭਰਨ ਉਡਾਰੀ ,
ਚੇਤਰ ਮਹਿਕੇ ਕਣ ਕਣ ਵਿੱਚ
ਮੈਂ ਕੁਦਰਤ ਤੋਂ ਬਲਿਹਾਰੀ ,

ਮਾਨ-ਸਰੋਵਰ ਝੀਲ ਕਿਨਾਰੇ
ਆ ਕੇ ਪਿਆਸ ਬੁਝਾਈ ,
ਪਰਬਤ , ਜੰਗਲ , ਸਹਿਰਾਵਾਂ ਦੀ
ਸਰ ਕੀਤੀ ਦੁਸ਼ਵਾਰੀ ।

ਪੀੜ ਹਿਜਰ ਦੀ ਨੈਣਾਂ ਵਿੱਚ ਹੈ ,
ਫਿਰ ਵੀ ਹਿੰਮਤ ਪੱਲੇ ,
ਕੀ ਹੋਇਆ ਜੇ ਵਾਟ ਲੰਮੇਰੀ
ਬਾਜ਼ਾਂ ਨੇ ਰਾਹ ਮੱਲੇ ।

ਖੰਭ ਜਿਨ੍ਹਾਂ ਦੇ ਦਮਖ਼ਮ ਵਾਲੇ
ਨਾ ਹੰਭੇ , ਨਾ ਹਾਰੇ ,
ਸੱਤ-ਸਮੁੰਦਰ ਟੱਪੇ ਕੀਤੀ
ਪੌਣਾਂ ਦੀ ਅਸਵਾਰੀ ।

ਆਈਆਂ ਨੇ ਪਰਵਾਸੀ ਬਣ ਕੇ
ਵਿਚਰਨ ਵਾਂਗ ਫ਼ਕੀਰਾਂ ,
ਤਨ ਮਨ ਵਿੱਚ ਹੈ ਚਾਨਣ
ਭਾਵੇਂ ਵਸਤਰ ਲੀਰਾਂ ਲੀਰਾਂ ।

ਸੁਪਨਹੀਣ ਦਾ ਕੀ ਹੈ ਜੀਣਾ
ਜਿਸ ਵਿੱਚ ਕਪਟ-ਖ਼ੁਆਰੀ ,
ਓਹੀ ਖਾਣਾ, ਓਹੀ ਚੁਗਣਾ
ਜਿੱਥੇ ਚੋਗ ਖਿਲਾਰੀ ।

ਲੰਮੀ ਭਟਕਣ ਪਿੱਛੋਂ ਇਹਨਾਂ
ਅਪਣੀ ਮੰਜ਼ਿਲ ਪਾਉਣੀ ,
ਸਗਲ-ਸ੍ਰਿਸ਼ਟੀ ਅੰਦਰ ਪੈਂਦੀ
ਸਭ ਨੂੰ ਆਉਧ ਹੰਢਾਉਣੀ ।

ਨੀਂਦ-ਵਿਗੁੱਤੀ ਮਮਤਾ ਗੋਦੀ
ਦਿਲ ਤੋਂ ਦੂਰ ਨਾ ਹੋਵੇ ,
ਪੈਰਾਂ ਵਿੱਚ ਥਰਕਣ ਹੈ
ਸਿਰ 'ਤੇ ਬੋਝ ਬੜਾ ਹੈ ਭਾਰੀ ।

ਮੋਹ ਦੀਆਂ ਤੰਦਾਂ ਦੇ ਪਰਛਾਵੇਂ
ਪਲ ਪਲ ਚੇਤੇ ਰੱਖਣ ,
ਪੀੜ ਪਰੁੱਚੇ ਹੱਥ ਇਨ੍ਹਾਂ ਦੇ
ਨਿਸਪਲ ਮੁਹਰਾ ਚੱਖਣ ।

ਪ੍ਰਦੇਸਾਂ ਵਿੱਚ ਆ ਕੇ ਵੀ
ਇਹ ਭੁੱਲਦੀਆਂ ਨਾ ਪੇਕੇ ,
ਇਹਨਾਂ ਦੇ ਬੋਲਾਂ ਤੋਂ ਸ਼ਾਇਰ
ਮੈਂ ਸਦਕੇ ਲੱਖ ਵਾਰੀ ।

●●●

## ਸ਼ਬਦ

ਸ਼ਬਦ ਨੇ ਖ਼ੁਸ਼ਬੂ ਤੇ ਫੁਲਕਾਰੀ
ਜਿਹਨਾਂ ਕੱਜੀ ਦੁਨੀਆਂ ਸਾਰੀ ,
ਸ਼ਬਦਾਂ ਦੇ ਨੇ ਸ਼ਮਲੇ ਉੱਚੇ
ਖ਼ੁਸ਼ਬੂ ਖ਼ੁਸ਼ਬੂ , ਸੁੱਚੇ ਸੁੱਚੇ ।

ਸ਼ਬਦਾਂ ਅਪਣੇ ਫ਼ਰਜ਼ ਨਿਭਾਏ
ਰਾਤ ਪਈ ਤਾਂ ਦੀਪ ਜਗਾਏ ,
ਸ਼ਬਦ ਸਦਾ ਆਵਾਜ਼ਾਂ ਮਾਰਨ
ਤੱਤੀ ਰੁੱਤੇ ਸੀਨਾ ਠਾਰਨ ।

ਸ਼ਬਦ-ਹਕੀਕੀ , ਸ਼ਬਦ ਇਲਾਹੀ
ਇਹ ਮੁਸ਼ਕਿਲ ਰਾਹਾਂ ਦੇ ਰਾਹੀ ,
ਸ਼ਬਦ ਕਦੇ ਤਕਸੀਮ ਨਾ ਹੋਏ
ਭੀੜ ਪਈ ਤਾਂ ਆਣ ਖਲੋਏ ।

ਸ਼ਬਦ ਅਸਾਡੇ ਬਾਪ ਤੇ ਮਾਵਾਂ
ਕੋਸੀ ਧੁੱਪ ਤੇ ਠੰਡੀਆਂ ਛਾਵਾਂ ,
ਸ਼ਬਦ ਨੇ ਚੁੰਮਣ , ਸ਼ਬਦ ਨੇ ਲੋਰੀ
ਥਿੜਕੇ ਪੈਰਾਂ ਦੀ ਡੰਗੋਰੀ

ਸ਼ਬਦ ਨੇ ਬਿੰਦੀ , ਔਂਕੜ , ਹੋੜੇ
ਮੇਲੇ ਤੇ ਬੇਦਰਦ ਵਿਛੋੜੇ
ਸ਼ਬਦਾਂ ਤੋਂ ਹੀ ਬਣਨ ਦਿਸ਼ਾਵਾਂ
ਸ਼ਬਦ ਨੇ ਰਸਤੇ , ਸ਼ਬਦ ਸਰਾਵਾਂ ।
●●●

# ਅੰਦਰੋਂ ਅੰਦਰੀ

ਮਹਿੰਗਾਈ ਦਾ ਅੰਤ ਨਾ ਕੋਈ
ਤਕਲੀਫ਼ਾਂ ਵਿੱਚ ਵਸਦੇ ਦੇਖਾਂ ।
ਅੰਦਰੋਂ ਅੰਦਰੀਂ ਰੋਂਦੇ ਲੋਕੀ
ਬਾਹਰੋਂ ਚਿਹਰੇ ਹਸਦੇ ਦੇਖਾਂ ।

ਕਤਲੋ-ਗਾਰਤ , ਸੀਨਾ ਜ਼ੋਰੀ
ਧੋਖਾ-ਧੋੜੀ , ਨਫ਼ਰਤ ਫ਼ੈਲੀ ,
ਬੰਦੇ ਸੱਪਾਂ ਤੋਂ ਵੀ ਜ਼ਹਿਰੀ
ਇਕ-ਦੂਜੇ ਨੂੰ ਡਸਦੇ ਦੇਖਾਂ ।

ਇਹ ਕਿਸ ਨੇ ਸੜਕਾਂ ’ਤੇ ਲੱਗੇ
ਸਾਰੇ ਰੁੱਖ ਜਲਾ ਦਿੱਤੇ ਹਨ ,
ਸਾਊਦਿਸਦੇ ਲੋਕਾਂ ਅੰਦਰ
ਮੈਂ ਰਾਖਸ਼ ਵੀ ਵਸਦੇ ਦੇਖਾਂ ।

ਸ਼ਹਿਰ ਗਰਾਂ ਸਭ ਉੱਧਲ਼ ਗਏ ਹਨ
ਕਿੱਥੇ ਕਰਨ ਬਸੇਵਾ ਲੋਕੀ ,
ਏਸ ਵਤਨ ਦੇ ਸਭ ਬੰਦੇ ਮੈਂ
ਕਬਰਾਂ ਵਲ ਨੂੰ ਨਸਦੇ ਦੇਖਾਂ ।

ਮੜ੍ਹੀਆ ਤੇ ਦਰਗਾਹਾਂ ਉੱਤੇ
ਰੋਟ–ਨਿਆਜ਼ਾਂ ਵੰਡਣ ਲੋਕੀਂ ,
ਘਰ ਭੁੱਖੇ ਬੱਚਿਆਂ ਦੇ ਹੰਝੂ
ਅਪਣੀ ਗਾਥਾ ਦਸਦੇ ਦੇਖਾਂ ।
●●●

# ਲੀਰੋ ਲੀਰ ਮੁਹੱਬਤ

ਗਲ਼ ਵਿੱਚ ਤੌਂਕ ਮਜ਼੍ਹਬ ਦਾ ਪਾ ਕੇ
ਜੋ ਮੂੰਹ ਆਇਆ ਬੋਲੀ ਜਾਂਦੇ ।
ਏਸ ਨਗਰ ਦੇ ਰਹਿਬਰ , ਸੱਚ ਨੂੰ
ਝੂਠ ਬਰਾਬਰ ਤੋਲੀ ਜਾਂਦੇ ।

ਆਪਸ ਦੇ ਵਿੱਚ ਲੜ ਲੜ ਮਰਦੇ
ਲੀਰੋ ਲੀਰ ਮੁਹੱਬਤ ਹੋਈ ,
ਨੇਜੇ ਤੇ ਤਲਵਾਰਾਂ ਲੈ ਕੇ
ਖ਼ੂਨ ਦੀ ਖੇਡਣ ਹੋਲੀ ਜਾਂਦੇ ।

ਡੁੱਬੀ ਨਸ਼ਿਆਂ ਵਿੱਚ ਜਵਾਨੀ
ਚਾਰ ਚੁਫ਼ੇਰਾ “ਚਿੱਟਾ” ਹੋਇਆ ,
ਨਹਿਰਾਂ ਵਿੱਚੋਂ ਲੱਭਣ ਲਾਸ਼ਾਂ
ਬਾਪੂ ਦੀ ਪੱਗ ਰੋਲ਼ੀ ਜਾਂਦੇ ।

ਹੱਥੀਂ ਤੋਰੇ ਪੁੱਤ ਪ੍ਰਦੇਸੀਂ
ਰਾਹਾਂ ਦੇ ਵਿੱਚ ਭਟਕ ਰਹੇ ਹਨ ,
ਕੰਧਾਂ ਹੀ ਦੁੱਖ ਸੁਣ ਰਹੀਆਂ ਨੇ
ਮਾਪੇ ਦਿਲ ਨੂੰ ਫੋਲੀ ਜਾਂਦੇ ।

ਖ਼ੁਦ ਨੂੰ ਜਿਹੜੇ ਕਹਿਣ ਪਤੰਗੇ
ਡਰਦੇ ਫਿਰਦੇ ਨੇ ਲਾਟਾਂ ਤੋਂ ,
ਡਰ ਲਗਦਾ ਹੈ ਇਹਨਾਂ ਨੂੰ ਹੁਣ
ਆਸ਼ਿਕ ਸਿਦਕੋਂ ਡੋਲੀ ਜਾਂਦੇ ।

ਇੱਕ ਦੂਜੇ ਵੱਲ ਉਂਗਲ ਕਰਕੇ
ਨਿੱਤ ਨਵਾਂ ਇਹ ਕਰਨ ਬਿਖੇੜਾ ,
ਮਜਹਬ , ਜ਼ਾਤ , ਸਿਆਸਤ ਸਾਰੇ
ਰਲ ਕੇ ਕੜ੍ਹੀਆਂ ਘੋਲੀ ਜਾਂਦੇ ।

ਜੋ ਮੈਂ ਦੇਖ ਰਿਹਾ ਬੁਲ੍ਹਾਂ 'ਤੇ
ਇਹ ਅਸਲੀ ਮੁਸਕਾਨ ਨਹੀਂ ਹੈ ,
ਅੱਖਾਂ ਦੇ ਵਿੱਚ ਅਟਕੇ ਹੰਝੂ
ਤੇਰਾ ਦਰਦ ਫਰੋਲੀ ਜਾਂਦੇ ।

ਜਿਸ ਦਾ ਅੱਜ ਜਨਾਜ਼ਾ ਲੈ ਕੇ
ਕਬਰਾਂ ਵਲ ਨੂੰ ਭੀੜ ਤੁਰੀ ਹੈ ,
ਇਹ "ਸੱਗੂ" ਹੀ ਹੋ ਸਕਦਾ ਹੈ
ਜਿਸ ਦੇ ਅੱਗੇ ਢੋਲੀ ਜਾਂਦੇ ।
●●●

## ਬੇਰੁਜ਼ਗਾਰੀ

ਜਿਸ ਨੂੰ ਰਹਿਬਰ ਕਹਿੰਦੇ ਹੋ
ਉਹ ਠੱਗ ਹੈ, ਚੋਰ, ਲੁਟੇਰਾ ਹੈ ,
ਦੋਹੀਂ ਹੱਥੀਂ ਜਨਤਾ ਲੁੱਟੇ
ਕਰਦਾ ਮੇਰਾ ਮੇਰਾ ਹੈ ।

ਬੇਰੁਜ਼ਗਾਰੀ ਨੇ ਲੱਕ ਤੋੜੇ
ਲੋਕ ਬੜੇ ਹੀ ਔਖੇ ਨੇ ,
ਹਰ ਪਾਸੇ ਮਹਿੰਗਾਈ ਛਾਈ
ਚਾਰੋਂ ਤਰਫ਼ ਹਨੇਰਾ ਹੈ ।

ਪੌਣ ਸਮੇਂ ਦੀ ਜ਼ਹਿਰ ਉਗਲਦੀ
ਪਾਣੀ ਸਭ ਜ਼ਹਿਰੀਲੇ ਨੇ ,
ਪ੍ਰਦੂਸ਼ਣ ਸੰਗ ਭਿੱਜਿਆ ਭਿਜਿਆ
ਚੜ੍ਹਦਾ ਨਿੱਤ ਸਵੇਰਾ ਹੈ ।

ਨਿਸਦਿਨ ਨਫ਼ਰਤ ਵਧਦੀ ਜਾਵੇ
ਮਜ਼੍ਹਬਾਂ ਕਾਰਨ ਲੋਕਾਂ ਵਿੱਚ ,
ਪਿਆਰ ਮੁਹੱਬਤ ਵੰਡੀ ਜਾਓ
ਅਪਣਾ ਪੰਧ ਲੰਮੇਰਾ ਹੈ ।

ਕੀਲ ਸਕੇ ਨਾ ਬੀਨ ਕਦੇ ਵੀ
ਜ਼ਹਿਰੀ ਕਾਲੇ ਨਾਗਾਂ ਨੂੰ ,
ਮਜਮਾਂ ਲਾ ਕੇ ਗਲੀਆਂ ਦੇ ਵਿੱਚ
ਕਰਦਾ ਢੌਂਗ ਸਪੇਰਾ ਹੈ ।

ਮੁਸ਼ਕਿਲ ’ਤੇ ਮੁਸ਼ਕਿਲ ਹੈ ਸਾਹਵੇਂ
ਹੈ ਰਸਤਾ ਦੁਸ਼ਵਾਰ ਬੜਾ ,
ਤੁਰਿਆ ਜਾਵੇ ਰਾਹੀ ਭਾਵੇਂ
ਰਾਹ ਵਿੱਚ ’ਨ੍ਹੇਰ ਘਨੇਰਾ ਹੈ ।

ਹਰ ਵੇਲੇ ਤਲਵਾਰ ਤੇਰੀ ਕਿਉਂ
ਖ਼ੂਨ ਜਿਗਰ ਦਾ ਮੰਗਦੀ ਹੈ ,
ਢਾਲ ਗ਼ਰੀਬਾਂ ਦੀ ਬਣ ਸ਼ਾਇਰ
ਜੇ ਤੇਰੇ ਵਿੱਚ ਜੇਰਾ ਹੈ ।

●●●

## ਇਹ ਦੁਨੀਆਂ

ਇਹ ਦੁਨੀਆਂ ਮਿੱਤਰ ਮਾਰਾਂ ਦੀ
ਤੇ ਹਰ ਥਾਂ ਮਿੱਤਰ ਮਾਰੀ ਹੈ ,
ਹੈ ਚੌਧਰ ਚੋਰ ਉਚੱਕਿਆਂ ਦੀ
ਤੇ ਚੋਰਾਂ ਦੀ ਸਰਦਾਰੀ ਹੈ ।

ਏਥੇ ਹਾਕਿਮ ਘਪਲੇ ਕਰਦੇ ਨੇ
ਲੁੱਟ-ਲੁੱਟ ਕੇ ਖਾਂਦੇ ਲੋਕਾਂ ਨੂੰ ,
ਇਹ ਮੰਡੀ ਝੂਠ ਫ਼ਰੇਬਾਂ ਦੀ
ਇਥੇ ਚਲਦੀ ਚੋਰ ਬਜ਼ਾਰੀ ਹੈ ।

ਅੱਜ ਦਿੰਦੇ ਸਾਧ ਗਵਾਹੀਆਂ ਨੇ
ਚੋਰਾਂ ਦੇ ਹੱਕ ਵਿੱਚ ਖੜ੍ਹ ਖੜ੍ਹ ਕੇ ,
ਇੱਥੇ ਛਿੱਕੇ ਟੰਗ ਅਸੂਲਾਂ ਨੂੰ
ਇਨ੍ਹਾਂ ਦਹਿਸ਼ਤ ਖ਼ੂਬ ਖਿਲਾਰੀ ਹੈ ।

ਹੈ ਬੰਦਿਸ਼ ਸਾਡੇ ਹੋਠਾਂ 'ਤੇ
ਮੂੰਹਾਂ 'ਤੇ ਲੱਗੇ ਤਾਲੇ ਨੇ ,
ਸੱਚ ਮੂੰਹੋਂ ਕਹਿਣੋਂ ਹਟਣਾ ਨਈਂ
ਸਾਡੀ ਇਹ ਜ਼ਿੰਮੇਵਾਰੀ ਹੈ ।

ਜੋ ਵੰਡਣ ਲੋਕ ਲੁਕਾਈ ਨੂੰ
ਉਹ ਮਾਨਵਤਾ ਦੇ ਕਾਤਿਲ ਨੇ ,
ਇਨ੍ਹਾਂ ਰੰਗਾਂ , ਨਸਲਾਂ , ਮਜ਼੍ਹਬਾਂ ਵਿੱਚ
ਪਾੜੇ ਦੀ ਕੰਧ ਉਸਾਰੀ ਹੈ ।

ਇੱਥੇ ਬੰਦਾ ਅਕਲੋਂ ਖ਼ਾਲੀ ਹੈ
ਜੋ ਪੱਥਰ ਪੂਜੀ ਜਾਂਦਾ ਏ ,
ਰੱਬ ਜਾਨਣ ਲੋਕੀਂ ਪੱਥਰਾਂ ਨੂੰ
ਕੀ ਮੱਤ ਇਨ੍ਹਾਂ ਦੀ ਮਾਰੀ ਹੈ ।

ਸਭ ਲਾਹਨਤ ਪਾਉਂਦੇ ਸੱਚੇ ਨੂੰ
ਜੋ ਗੱਲਾਂ ਸੱਚੀਆਂ ਕਰਦਾ ਏ ,
ਜੋ ਸੋਚੇ ਲੋਕਾਂ ਦੀ ਖ਼ਾਤਿਰ
ਤੇ ਲੋਕਾਂ ਦਾ ਸਹਿਕਾਰੀ ਹੈ ।
•••

## ਭਾਸ਼ਨ

ਬੜਾ ਲੱਛੇਦਾਰ ਸੀ
ਨੇਤਾ ਦਾ ਭਾਸ਼ਨ
ਪਰ ਜਨਤਾ ਤਾਂ ਮੰਗਦੀ ਹੈ
ਪਹਿਨਣ ਨੂੰ ਕੱਪੜਾ
ਖਾਣ ਨੂੰ ਰਾਸ਼ਨ

ਤਰੱਕੀ ਤਾਂ ਹੈ,
ਵੱਧ ਰਹੀਆਂ ਕੀਮਤਾਂ ਦੀ
ਨਮੋਸ਼ੀ ਹੰਢਾਉਂਦੀਆਂ ਤ੍ਰੀਮਤਾਂ ਦੀ
ਪ੍ਰੀਤ ਦੇ ਨੈਣੀਂ ਅਮੁੱਕ ਲੋੜਾਂ ਨੇ
ਕਲਾ ਕੁਸ਼ਲਤਾ ਦੇ ਰਾਹੀਂ
ਅਥਾਹ ਥੋੜ੍ਹਾਂ ਨੇ

ਸੁੱਤੀ ਰਈਅਤ ਨੂੰ
ਜਗਾਉਣ ਦੀ ਅਜੇ ਲੋੜ ਹੈ
ਕਿਸ ਦਿਸ਼ਾ ਵਲ ਹਨ੍ਹੇਰਾ
ਕਿੱਥੇ ਗੁੰਮਿਆ ਸਵੇਰਾ
ਭਾਸ਼ਨ ’ਚ
ਸ਼ਬਦਾਂ ਦੀ ਅਜੇ ਥੋੜ੍ਹ ਹੈ ।

ਵਾਅਦੇ ਕਰਨ ਵਾਲਾ ਨੇਤਾ
ਗੱਲਾਂ ਵੰਡ ਦੀਆਂ ਕਰਦਾ ਹੈ
ਮਜ਼੍ਹਬ , ਜ਼ਾਤ , ਨਸਲ ਦੀ
ਹਾਮੀ ਭਰਦਾ ਹੈ

ਕਠਪੁਤਲੀਆਂ ਦੀ ਤਰ੍ਹਾਂ
ਭੋਲੀ ਜਨਤਾ ਨੂੰ ਨਚਾਉਂਦਾ ਹੈ
ਵੋਟਾਂ ਲੈਣ ਲਈ
ਮਾਨਵ ਨੂੰ ਦਾਅ 'ਤੇ ਲਾਉਂਦਾ ਹੈ

ਅਸੀਂ ਤਾਂ ਸਰਬੱਤ ਦਾ ਭਲਾ ਮੰਗਣਾ ਹੈ
ਦੰਭੀ , ਫ਼ਰੇਬੀ , ਮੱਕਾਰ ਨੂੰ
ਬੇਪਰਦ ਕਰਨਾ
ਸੂਲੀ 'ਤੇ ਟੰਗਣਾ ਹੈ।
●●●

## ਰਾਜ ਸ਼ੇਰੇ ਪੰਜਾਬ ਦਾ

ਰਾਜ ਆਵੇ ਫਿਰ ਸ਼ੇਰੇ ਪੰਜਾਬ ਦਾ,
ਅਪਣੀ ਸਿੱਖੀ ਸੇਵਕੀ ਜੀਂਦੀ ਰਹੇ।

ਫਿਰ ਦਏ ਪਾਂਡੀ ਸਹਾਰਾ ਕੌਂਮ ਨੂੰ,
ਖ਼ਾਲਸੇ ਦੀ ਨਗ਼ਮਗੀ ਜੀਂਦੀ ਰਹੇ।

ਭੁੱਲਿਆ ਤੇ ਭਟਕਿਆ ਨੂੰ ਰਾਹ ਮਿਲਣ,
ਦਿਸ ਰਹੀ ਜੋ ਰੌਸ਼ਨੀ ਜੀਂਦੀ ਰਹੇ।

ਵਲਗਣਾਂ ਤੋਂ ਪਾਰ ਤੇਰਾ ਰਾਜ ਸੀ,
ਉਹ ਸਦੀ ਇਤਿਹਾਸ ਦੀ ਜੀਂਦੀ ਰਹੇ।

ਅੱਜ ਜਿਹੜੀ ਖ਼ਤਰਿਆ ਦੇ ਹੇਠ ਹੈ,
ਪੱਗ ਉਹ ਸਿਰਦਾਰ ਦੀ ਜੀਂਦੀ ਰਹੇ।

ਜਿਸ ਨੇ ਮਜ਼ਲੂਮਾਂ ਨੂੰ ਦਿੱਤੀ ਜ਼ਿੰਦਗੀ,
ਧਾਰ ਉਹ ਤਲਵਾਰ ਦੀ ਜੀਂਦੀ ਰਹੇ।

ਖ਼ੈਰ ਮੰਗੇ ਜੋ ਸਦਾ ਇਨਸਾਨ ਦੀ,
ਉਹ ਬਗ਼ੀਚੀ ਮਹਿਕਦੀ ਜੀਂਦੀ ਰਹੇ।

ਅਰਸ਼ ਉੱਤੇ ਰੰਗ ਚਮਕੇ ਕੇਸਰੀ,
ਏਸ ਦੀ ਪਾਕੀਜ਼ਗੀ ਜੀਂਦੀ ਰਹੇ।

ਜ਼ਿੰਦਗੀ ਬਖ਼ਸ਼ੀ ਹੈ ਜਿਸ ਨੇ ਕੌਮ ਨੂੰ ,
ਉਹ ਸਦਾਅ ਵੀ , ਧੜਕਦੀ ਜੀਂਦੀ ਰਹੇ ।

ਸਾਡਿਆ ਖੇਤਾਂ 'ਚ ਜਿਹੜੀ ਰਚ ਗਈ ,
ਉਹ ਕਲਾ ਮੋਹ-ਪਿਆਰ ਦੀ ਜੀਂਦੀ ਰਹੇ ।

●●●

## ਮੌਸਮ

ਮੌਸਮ ਬਦਲਦਾ ਹੈ
ਬਰਫ਼ ਗਿਰਦੀ ਹੈ
ਸੀਤ ਪੌਣ ਤੀਰ ਵਾਂਗੂੰ
ਪੋਟਾ ਪੋਟਾ ਅੰਗਦੀ ਹੈ

ਠਰੀ ਠਰੀ ਫ਼ਿਜ਼ਾ 'ਚ
ਦੁੱਧ-ਚਿੱਟੀ ਚਾਨਣੀ ਦਾ ਵੇਗ
ਅੱਖਾਂ ਨੂੰ ਭਰਮਾਉਂਦਾ ਹੈ
ਚੰਨ-ਚਾਨਣੀ 'ਚ ਖੇਡਦਿਆਂ ਦਾ
ਬਚਪਨ ਚੇਤੇ ਆਉਂਦਾ ਹੈ ।

ਨਜ਼ਰ ਆਕਾਸ਼ ਵੱਲ ਉੱਠਦੀ ਹੈ
ਦੂਰ ਪੰਛੀ
ਤਪਤ-ਦੇਸ਼ਾਂ ਵੱਲ ਹਿਜਰਤ ਕਰਦੇ
ਨਜ਼ਰ ਆਉਂਦੇ ਨੇ
ਜੋ ਪਿੱਛੇ ਛੱਡ ਜਾਂਦੇ
ਆਪਣੇ ਆਲ੍ਹਣਿਆਂ 'ਚ
ਨਵ-ਜੰਮੇ ਬੋਟ

ਜਿਹਨਾਂ ਦੀਆਂ ਲਾਲ-ਗੁਲਾਬੀ ਚੁੰਝਾਂ
ਮੂੰਹ ਅੱਡੀ
ਰਿਜ਼ਕ ਦਾ ਦਾਣਾ ਉਡੀਕਦੀਆਂ ਨੇ
ਚੁਰ ਚੁਰ ਦਾ ਸੁਰ ਅਲਾਪਦੀਆਂ ਨੇ

ਜ਼ਰੂਰੀ ਨਹੀਂ
ਬਦਲਦੇ ਮੌਸਮ 'ਚ
ਇਹ ਪੰਛੀ ਪਰਤ ਆਉਣ

ਇਹ ਮੌਸਮ ਅਹਿਮ ਬੜਾ ਹੈ
ਇਹ ਮੌਸਮ ਤਲਖ਼ ਬੜਾ ਹੈ।
●●●

# ਘੁਟਾਲਾ

ਘੁਟਾਲਾ, ਘੁਟਾਲਾ, ਘੁਟਾਲਾ, ਘੁਟਾਲਾ।
ਮਿਰੇ ਦੇਸ਼ ਦਾ ਵੀ ਸਵਰਗ ਹੈ ਨਿਰਾਲਾ।

ਉੱਤਰ ’ਚ , ਦੱਖਣ ’ਚ , ਪੂਰਬ ’ਚ , ਪੱਛਮ ’ਚ,
ਹੈ ਥਾਂ ਥਾਂ ’ਤੇ ਮੱਚਦੀ ਬਾਰੂਦੀ ਜਵਾਲਾ।

ਜਦੋਂ ਰੂ-ਬ-ਰੂ ਮੈਂ , ਸਮੇਂ ਦੇ ਸੀ ਹੋਇਆ,
ਉਦੋਂ ਮਿਲਿਆ ਮੈਨੂੰ ਸੀ ਜ਼ਹਿਰ ਦਾ ਪਿਆਲਾ।

ਹੈ ਉਹ ਕੰਮ ਕਿਹੜਾ ਜੋ ਹੋ ਹੀ ਸਕੇ ਨਾ,
ਜੇ ਕੰਮ ਨਾ ਕਰੋਗੇ ਤਾਂ ਨਿਕਲੂ ਦਿਵਾਲਾ।

ਹਯਾਤੀ ਤੇ ਜਿਨਸਾਂ ਨੇ ਥਾਂ ਥਾਂ ਵਿਕਾਊ,
ਹਰਿਕ ਮੋੜ ’ਤੇ ਹੈ ਖ਼੍ਰੀਦਣ ਲਈ ਲਾਲਾ।

ਅਕਲ ਬਿਨ ਮਨੁੱਖਾਂ ਨੂੰ ਹਰ ਕੋਈ ਕਬੂਲੇ,
ਅਕਲਮੰਦਾਂ ਦਾ ਹੈ ਨਹੀਂ ਬੋਲ ਬਾਲਾ।

ਸੀ ਤੱਕਿਆ ਜਦੋਂ ਲਾ ਕੇ ਆਪਾਂ ਨੇ ਐਨਕ,
ਪਤਾ ਲੱਗਾ ਸਾਧਾਂ ਦੇ ਡੇਰੇ ਘੁਟਾਲਾ।

ਅਸੀਂ ਭਾਵੇਂ ਆਜ਼ਾਦ ਨਗਰੀ ਦੇ ਵਾਸੀ,
ਮਗਰ ਸਭ ਦੇ ਮੂੰਹ 'ਤੇ ਹੈ ਖ਼ੌਫ਼ਾਂ ਦਾ ਤਾਲਾ।

ਹੈ ਜੰਨਤ ਦੀ ਨਗਰੀ 'ਚ ਦਿਸਦੇ ਲੁਟੇਰੇ,
"ਭੂਪਿੰਦਰ" ਤੇਰੀ ਅੱਖ 'ਚੋਂ ਉਤਰਿਆ ਹੈ ਜਾਲ਼ਾ।

●●●

## ਜਿੰਦ ਦਾ ਆਸ਼ਿਕ

ਦਰਦ ਹੈ ਜਿੰਦ ਦਾ ਪਹਿਲਾ ਆਸ਼ਿਕ
ਪਲ ਪਲ ਜਿੰਦ ਤੜਫ਼ਾਵੇ ,
ਟੁੱਟਣ, ਵਿਗਸਣ, ਅੱਖੀਂ ਸੁਪਨੇ
ਅਕਲਾਂ ਹੱਥ ਨਾ ਆਵੇ ।

ਕਈ ਜਨਮ ਤੋਂ ਜਿੰਦ ਵੈਰਾਗਣ
ਹੰਝੂਆ ਦੇ ਖ਼ੂਹ ਨ੍ਹਾਵੇ ,
ਫ਼ਜਰਾਂ ਵੇਲੇ ਗਿਲਤੀ ਲਾ ਕੇ
ਰਾਗ ਅਨੂਠਾ ਗਾਵੇ ।

ਕੁਦਰਤ ਦੇ ਰੰਗਾਂ ਨੂੰ ਦੇਖਾਂ ,
ਹੱਥ ਕੋਈ ਨਾ ਆਵੇ ,
ਵਾਂਗ ਪਤੰਗੇ ਲਾਟਾਂ ਉੱਤੋਂ
ਅਪਣਾ ਤਨ ਜਲਾਵੇ ।

ਯੋਗੀ , ਜੰਗਮ ਤੇ ਸੰਨਿਆਸੀ
ਕਰਦੇ ਫਿਰਨ ਦਿਖਾਵੇ ,
ਬਿਨ ਲਾਲਚ ਤੋਂ ਮੋਨ ਸਮਾਧੀ
ਧੂਣੇ ਕਿਹੜਾ ਲਾਵੇ ।

ਸਾਡੀ ਹਾਲਤ ਓਹੀ ਅੱਜ ਵੀ ,
ਹਾਕਮ ਆਵੇ , ਜਾਵੇ ,
ਦਰਦ ਹਮੇਸ਼ਾਂ ਸਾਡੀ ਜਿੰਦ ਨੂੰ
ਭੋਰ ਭੋਰ ਕੇ ਖਾਵੇ ।
●●●

## ਸ਼ਹਾਦਤ

ਜਦ ਜ਼ਾਲਿਮ ਦੀ ਤਲਵਾਰ
ਧੜ ਤੋਂ ਸੀਸ ਜੁਦਾ ਕਰਦੀ ਹੈ
ਤਦ ਧਰਤੀ 'ਤੇ ਡੁੱਲ੍ਹੀ ਹੋਈ ਰੱਤ ਨਾਲ
ਇਤਿਹਾਸ ਦੇ ਪੰਨੇ ਲਿਖੇ ਜਾਂਦੇ ਨੇ।

ਉਹ ਸ਼ਬਦ
ਕਦੇ ਫਿੱਕੇ ਨਹੀਂ ਪੈਂਦੇ
ਸਦਾ ਅਮਰ ਰਹਿੰਦੇ ਨੇ

ਏਸ ਰੱਤ ਦਾ ਵਪਾਰ
ਆਮ ਬਾਜ਼ਾਰਾਂ ’ਚੋਂ ਨਹੀਂ ਕਰ ਸਕਦੇ
ਇਹ ਤਾਂ ਸਿਰਫ਼
ਸੱਚ ਦੀ ਫੱਟੀ ਲਿਖਣ ਲਈ,
“ਚਮਕੌਰ ਦੀ ਗੜ੍ਹੀ”
ਜਾਂ “ਚਾਂਦਨੀ ਚੌਂਕ” ’ਚੋਂ ਹੀ
ਪ੍ਰਾਪਤ ਕਰ ਸਕਦੇ ਹਾਂ।

ਜ਼ਾਲਿਮ ਦੀ ਤਲਵਾਰ
ਹੱਕਾਂ ਦੀ ਪਹਿਚਾਣ ਕਰਵਾਉਂਦੀ ਹੈ,
ਤੇ ਤਲਵਾਰ ਦੀ ਸ਼ੂਕ
ਸ਼ਹਾਦਤ ਦੇ ਅਰਥ ਸਮਝਾਉਂਦੀ ਹੈ।
●●●

## ਬਟਵਾਰਾ

ਨਹੁੰਆਂ ਤੋਂ ਨਹੁੰ ਵੱਖਰੇ ਕੀਤੇ
ਮਜ਼੍ਹਬ ਦਿਆਂ ਖ਼ੁਦਾਵਾਂ ਨੇ,
ਭਾਈਆਂ ਨਾਲੋਂ ਭਾਈ ਵਿੱਛੜੇ
ਗਜਰੇ ਤੋੜੇ ਚਾਵਾਂ ਨੇ।

ਪੰਜ ਦਰਿਆਵਾਂ ਵਿਚ ਮੱਕਾਰਾਂ
ਕਿੰਨੀ ਜ਼ਹਿਰ ਮਿਲਾ ਦਿੱਤੀ,
ਸਾਡੀ ਸਾਂਝ ਪੁਰਾਣੀ ਉਹਨਾਂ
ਮਿੱਟੀ ਵਿਚ ਮਿਲਾ ਦਿੱਤੀ।

ਬਟਵਾਰੇ ਦਾ ਦਰਦ ਅਜੇ ਵੀ
ਸਾਹਾਂ ਦੇ ਵਿਚ ਸਹਿਕ ਰਿਹਾ,
ਦੋਸਤੀਆਂ ਦਾ ਚੰਬਾ ਹੁਣ ਵੀ
ਚੇਤੇ ਦੇ ਵਿਚ ਮਹਿਕ ਰਿਹਾ।

ਕਤਲੋ-ਗ਼ਾਰਤ ਚੇਤੇ ਕਰਕੇ
ਫਿਰ ਅੱਖਾਂ ਭਰ ਆਈਆਂ ਨੇ,
ਵਕਤ ਅਗਾਂਹ ਨੂੰ ਤੁਰਿਆ ਭਾਵੇਂ
ਪਰ ਹਾਲੇ ਤਨਹਾਈਆਂ ਨੇ।

ਆਲ੍ਹਣਿਆਂ ਦੇ ਸਾਰੇ ਤਿਣਕੇ
ਰੁੱਖਾਂ ਉੱਤੋਂ ਬਿਖਰ ਗਏ,
ਪਹਿਲਾਂ ਵਰਗੇ ਰੁੱਤਾਂ, ਮੌਸਮ
ਸੋਚ ਰਿਹਾਂ ਮੈਂ ਕਿਧਰ ਗਏ।

ਧਾੜਵੀਆਂ ਨੇ ਆ ਕੇ ਸਾਨੂੰ
ਆਪਸ ਵਿਚ ਲੜਾ ਦਿੱਤਾ,
ਆਪਾਂ ਵੀ ਜਜ਼ਬਾਤੀ ਹੋ ਕੇ
ਹਰ ਥਾਂ ਨ੍ਹੇਰ ਮਚਾ ਦਿੱਤਾ।

ਆਪਣਾ ਆਪ ਬਚਾ ਨਾ ਹੋਇਆ
ਬਟਵਾਰੇ ਦੀ ਨ੍ਹੇਰੀ ਵਿਚ,
ਆਪਾਂ ਰੱਤ ਆਪਣੀ ਹੀ ਪੀਤੀ
ਉਲਝ ਗਏ ਮੈਂ-ਮੇਰੀ ਵਿਚ।

ਪੱਗਾਂ ਲੀਰੋ-ਲੀਰਾਂ ਹੋਈਆਂ
ਰੂਹ ਕੁਰਲਾਈ ਮਾਂਵਾਂ ਦੀ,
ਸਰਹੱਦਾਂ 'ਤੇ ਤਾਰਾਂ ਲਾਈਆਂ
ਵੰਡ ਲਈ ਰੂਹ ਛਾਵਾਂ ਦੀ।

ਰਾਵੀ ਅਤੇ ਝਨਾਬ ਦੇਖ ਕੇ
ਸਤਲੁਜ ਭੁੱਬੀਂ ਰੋਂਦਾ ਹੈ,
ਖ਼ੂਨ ਅਜਾਈਂ ਹਾਲੇ ਵੀ
ਇਸ ਮਿੱਟੀ ਵਿੱਚੋਂ ਚੋਂਦਾ ਹੈ।
●●●